Vide R.N.I. No. Pun-Pun 2002/8323
ASR/0001/2018/20

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਧੰਨ ਧੰਨ ਮਾਤਾ ਕੌਲਾਂ ਜੀ

ਭੇਟਾ : 20/-

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 127
D.O.P. 10 Mar. 2019





ਕੇਸਗੜ੍ਹ ਸਾਹਿਬ ਦੀ ਇਹ ਲਲਕਾਰ
ਸਾਬਤ ਸੂਰਤ ਸਿਰ ਦਸਤਾਰ

ਹੋਲਾ ਮਹੱਲਾ





# 11ਵਾਂ ਸਲਾਨਾ ਸਮਾਗਮ ਅਤੇ

## ਬਾਬਾ ਕੁੰਦਨ ਸਿੰਘ ਜੀ ਸੰਗਤ ਨਿਵਾਸ ਨਵੀਂ ਸਰ੍ਹਾਂ ਦਾ 1700 ਗਜ਼ ਵਿੱਚ ਸੁਭ ਨੀਂਹ ਪੱਥਰ ਸਮਾਗਮ

1 ਫਰਵਰੀ 2019 ਨੂੰ ਬਾਬਾ ਕੁੰਦਨ ਸਿੰਘ ਜੀ ਨਾਮ ਹੇਠ 1700 ਗਜ ਵਿਚ ਨਵੀਂ ਸਰ੍ਹਾਂ ਦਾ ਸ਼ੁਭ ਨੀਂਹ ਪੱਥਰ ਰੱਖਿਆ ਗਿਆ (ਮਿਗਲਾਨੀ ਰੋਡ ਗੁ: ਸ਼ਹੀਦਾਂ ਸਾਹਿਬ ਤੋਂ ਪੈਦਲ ਸਿਰਫ 5 ਮਿੰਟ ਦਾ ਰਸਤਾ) ਇਸ ਸਰ੍ਹਾਂ ਵਿੱਚ 200 ਦੇ ਕਰੀਬ ਏ.ਸੀ. ਕਮਰੇ ਤੇ ਬਰਾਂਡੇ + ਸੁੰਦਰ ਪਾਰਕਿੰਗ ਬਣ ਰਹੀ ਹੈ ਸੰਗਤਾਂ ਹਰ ਪੱਖ ਤੋਂ ਅਸੀਸਾਂ ਬਖਸ਼ਣ ਜੀ। ਸਮਾਗਮ ਵਿਚ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ ਸ੍ਰੀ ਹਰਿਮੰਦਰ ਸਾਹਿਬ, ਗਿਆਨੀ ਜਤਿੰਦਰ ਸਿੰਘ ਜੀ ਸਚਖੰਡ ਸ੍ਰੀ ਹਜ਼ੂਰ ਸਾਹਿਬ, ਬੀਬੀ ਪਰਮਜੀਤ ਕੌਰ ਜੀ (ਪੰਮਾ ਭੈਣ ਜੀ) ਬੀਬੀ ਕੌਲਾਂ ਜੀ ਬਾਲ ਫੁਲਵਾੜੀ ਬੱਚੀਆਂ ਦਾ ਜੱਥਾ, ਭਾਈ ਤੇਜਪਾਲ ਸਿੰਘ ਜੀ, ਭਾਈ ਅੰਤਰਪ੍ਰੀਤ ਸਿੰਘ ਸਾਜਨ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਮਾਤਾ ਵਿਪਨਪ੍ਰੀਤ ਕੌਰ ਜੀ ਲੁਧਿਆਣੇ ਵਾਲਿਆਂ ਨੇ ਕਥਾ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਭਾਈ ਅਮਰਜੀਤ ਸਿੰਘ ਜੀ (ਸਿਲਕੀ) ਨੇ ਸੰਗਤਾਂ ਦਾ ਧੰਨਵਾਦ ਕੀਤਾ।
















1. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਸੰਗਤਾਂ ਨਾਲ ਵੀਚਾਰਾਂ ਸਾਂਝੀਆਂ ਕਰਦੇ ਹੋਏ, 2. ਸਰ੍ਹਾਂ ਦਾ ਨੀਂਹ ਪੱਥਰ ਰੱਖਣ ਤੋਂ ਪਹਿਲਾਂ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ ਅਰਦਾਸ ਕਰਦੇ ਹੋਏ ਨਾਲ ਖੜੇ ਹਨ, ਗਿਆਨੀ ਜਤਿੰਦਰ ਸਿੰਘ ਜੀ ਸਚਖੰਡ ਸ੍ਰੀ ਹਜ਼ੂਰ ਸਾਹਿਬ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਮਾਤਾ ਵਿਪਨਪ੍ਰੀਤ ਕੌਰ ਜੀ ਲੁਧਿਆਣੇ ਵਾਲੇ, ਭਾਈ ਅਮਰਜੀਤ ਸਿੰਘ ਜੀ ਸਿਲਕੀ ਤੇ ਸਮੂੰਹ ਸੰਗਤਾਂ। 3.4.5. ਨੀਹ ਪੱਥਰ ਰੱਖਦਿਆਂ ਦੀਆਂ ਵੱਖ ਵੱਖ ਤਸਵੀਰਾਂ।

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-127ਵਾਂ (2019)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ, ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.) ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ, ਫੋਨ : 0183-2483920 (Ext. 27)

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਤੀਜਾ ਭਾਗ- ਧੰਨ ਧੰਨ ਮਾਤਾ ਖੀਵੀ ਜੀ 5
ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ 15
ਜ਼ਿੰਦਗੀ ਦੀਆਂ ਬਰੀਕੀਆਂ 19
ਅਧਿਆਤਮਿਕ ਵਿਚਾਰਾਂ 22
ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 23
ਧੰਨ ਧੰਨ ਬਾਬਾ ਈਸ਼ਰ ਸਿੰਘ ਜੀ
ਨਾਨਕਸਰ ਵਾਲਿਆਂ ਦੀਆਂ ਵਡਿਆਈਆਂ 26
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 34
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ 35
ਪਰਖ ਤੇ ਪ੍ਰਪੱਕਤਾ 36
ਅਨਮੋਲ ਬਚਨ 37
ज़िंदगी की बारीकियाँ 38
चार साहिबज़ादों को समर्पित हो जाएँ
सब विकार भाग जाएँगे 41
संक्षिप्त जीवन वृतांत श्री गुरु अंगद देव जी 49
Goodness of Dhan Dhan
Sri Guru Har Rai Sahib Maharaj Ji 53
A Glimpse on the Life of
Sri Guru Harkrishan Sahib Ji 58
ਘਰ ਬੈਠੇ ਕੀਰਤਨ ਸਿੱਖੋ 62

**ਚੰਦਾ**

| | |
|---|---|
| ਸਲਾਨਾ ਚੰਦਾ (ਦੇਸ਼) | 100 ਰੁ. |
| ਸਲਾਨਾ ਚੰਦਾ (ਵਿਦੇਸ਼) | 800 ਰੁ. |
| 2 ਸਾਲ ਲਈ (ਦੇਸ਼) | 200 ਰੁ. |
| 2 ਸਾਲ ਲਈ (ਵਿਦੇਸ਼) | 1600 ਰੁ. |
| 5 ਸਾਲ ਲਈ (ਦੇਸ਼) | 400 ਰੁ. |
| 5 ਸਾਲ ਲਈ (ਵਿਦੇਸ਼) | 3200 ਰੁ. |
| ਲਾਈਫ ਮੈਂਬਰਸ਼ਿਪ (ਦੇਸ਼) | 1600 ਰੁ. |
| ਲਾਈਫ ਮੈਂਬਰਸ਼ਿਪ (ਵਿਦੇਸ਼) | 12800 ਰੁ. |

**ਨੋਟ**

ਸਿਫਤਿ ਸਾਲਾਹ ਵਿਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਹਨਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਸੰਪਾਦਕ

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ-
**ਸਿਫਤਿ ਸਾਲਾਹ**
ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006
ਫੋਨ : 98765-25850

# ਸੰਪਾਦਕੀ...

ਗੁਰੂ ਸਵਾਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪਾਵਨ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਕੀਰਤਨ ਦਰਬਾਰ ਵੀ ਕਰਵਾਈਏ, ਲੰਗਰ ਵੀ ਲਗਾਈਏ, ਨਗਰ ਕੀਰਤਨ ਵੀ ਕੱਢੀਏ ਪਰ ਨਾਲ-ਨਾਲ ਇਹ ਵੀ ਉਪਰਾਲਾ ਕਰੀਏ ਕਿ ਧੰਨ ਗੁਰੂ ਨਾਨਕ ਮਹਾਰਾਜ ਦੀਆਂ ਸਿੱਖਿਆਵਾਂ, ਉਨ੍ਹਾਂ ਦੇ ਪਾਏ ਪੂਰਨਿਆਂ, ਉਨ੍ਹਾਂ ਦੇ ਪਾਵਨ ਉਪਦੇਸ਼ਾਂ ਦਾ ਕਿਨਕਾ ਮਾਤਰ ਸਾਡੇ ਪਰਿਵਾਰਾਂ ਵਿੱਚ ਆ ਸਕੇ। ਸਹੀ ਮਾਅਨਿਆਂ ਵਿੱਚ ਇਹ ਪਾਵਨ ਗੁਰਪੁਰਬ ਮਨਾਇਆ ਤਾਂ ਹੀ ਥਾਂਏਂ ਪਵੇਗਾ ਕਿ ਸਾਡੀ ਜ਼ਿੰਦਗੀ ਵਿੱਚੋਂ ਕੋਈ ਨਾ ਕੋਈ ਔਗੁਣ ਨਿਕਲ ਜਾਵੇ ਤੇ ਗੁਣ ਪ੍ਰਵੇਸ਼ ਕਰ ਜਾਵੇ।

ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਜਦੋਂ ਉਦਾਸੀਆਂ ਦੀ ਪ੍ਰਥਾ ਨੂੰ ਤੋਰਿਆ ਤਾਂ ਭਾਈ ਮਰਦਾਨਾ ਜੀ ਨੇ ਨਾਲ ਜਾਣ ਲਈ ਬੇਨਤੀ ਕੀਤੀ, ਉਸ ਵੇਲੇ ਸੱਚੇ ਪਾਤਸ਼ਾਹ ਜੀ ਨੇ ਭਾਈ ਮਰਦਾਨਾ ਜੀ ਨੂੰ ਇਹ ਪਾਵਨ ਬਚਨ ਕੀਤਾ ਸੀ ਕਿ ਜੇ ਸਾਡੇ ਨਾਲ ਜਾਣਾ ਹੈ ਤਾਂ ਅੰਮ੍ਰਿਤ ਵੇਲਾ ਵੀ ਸੰਭਾਲਣਾ ਹੈ ਅਤੇ ਕੇਸਾਂ ਦੀ ਬੇਅਦਬੀ ਵੀ ਨਹੀਂ ਕਰਨੀ। ਕੇਸਾਂ ਦਾ ਸਤਿਕਾਰ ਪਹਿਲੇ ਪਾਤਸ਼ਾਹ ਜੀ ਤੋਂ ਹੀ ਸਿੱਖ ਧਰਮ ਵਿੱਚ ਸ਼ਾਮਲ ਹੈ ਤੇ ਇਸ ਮਰਿਆਦਾ ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪ੍ਰਪੱਕਤਾ ਪ੍ਰਦਾਨ ਕੀਤੀ। ਕੇਸ ਗੁਰੂ ਦੀ ਮੋਹਰ ਹਨ। ਇਨ੍ਹਾਂ ਦੀ ਬੇਅਦਬੀ ਕਰਨ ਵਾਲਾ ਪਤਿਤ ਹੋ ਜਾਂਦਾ ਹੈ, ਗੁਰੂ ਦੀ ਖੁਸ਼ੀ ਦਾ ਪਾਤਰ ਨਹੀਂ ਰਹਿੰਦਾ। ਭਾਈ ਤਾਰੂ ਸਿੰਘ ਜੀ ਦਾ ਪਾਵਨ ਸਰੂਪ ਦੇਖੀਏ ਤੇ ਅੰਦਰ ਹਿਲ ਜਾਂਦਾ ਹੈ। ਇੰਨਾ ਗੁਰੂ ਦੇ ਚਰਨਾਂ ਨਾਲ ਪਿਆਰ, ਇੰਨਾ ਕੇਸਾਂ ਨਾਲ ਪਿਆਰ, ਆਪਣਾ ਆਪ ਵਾਰ ਦਿੱਤਾ, ਖੋਪਰੀ ਲੁਹਾ ਲਈ ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ। ਅੱਜ ਪਤਿਤਪੁਣੇ ਦੀ ਜੋ ਹਨੇਰੀ ਚੱਲ ਰਹੀ ਹੈ, ਇਸ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਘਰ-ਘਰ ਗੁਰੂ ਨਾਨਕ ਮਹਾਰਾਜ ਜੀ ਦਾ ਇਹ ਪਾਵਨ ਸੰਦੇਸ਼ ਪਹੁੰਚੇ ਕਿ ਸਿੱਖ ਦੀ ਪਹਿਚਾਨ ਹੀ ਕੇਸਾਂ ਨਾਲ ਹੈ। ਇਸੇ ਕਰਕੇ ਹੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਬਚਨ ਕੀਤਾ ਸੀ ਕਿ ਲੱਖਾਂ ਵਿੱਚ ਵੀ ਮੇਰੇ ਪਿਆਰੇ ਸਿੱਖ ਦੀ ਪਹਿਚਾਨ ਵੱਖਰੀ ਹੋਵੇਗੀ। ਉਸ ਦੀ ਛਵੀ ਲੁਕਾਈ ਨਹੀਂ ਜਾ ਸਕੇਗੀ, ਉਸ ਦੀ ਸ਼ਖਸੀਅਤ ਕੇਸਾਂ ਨਾਲ ਨਿਰਾਲੀ ਹੋਵੇਗੀ ਤੇ ਉੱਤੇ ਸੁੰਦਰ ਸਜਿਆ ਦਸਤਾਰਾ ਉਸ ਦੀ ਬਾਹਰੀ ਦਿੱਖ ਨੂੰ ਵੀ ਪ੍ਰਭਾਵਿਤ ਕਰੇਗਾ ਤੇ ਨੂਰਾਨੀ ਰੰਗ ਵਿੱਚ ਰੰਗਿਆ ਉਸ ਦਾ ਚਿਹਰਾ ਉਸ ਦੇ ਅੰਦਰਲੇ ਗੁਣਾਂ ਨੂੰ ਉਜਾਗਰ ਕਰੇਗਾ। ਕੇਸਾਂ ਦੀ ਮਹੱਤਤਾ ਕੇਵਲ ਧਾਰਮਿਕ ਅਕੀਦੇ ਨਾਲ ਹੀ ਨਹੀਂ ਜੁੜੀ ਹੋਈ, ਸਾਇੰਸ ਦੇ ਪੱਖ ਤੋਂ ਵੀ ਇਸ ਦੀ ਮਹੱਤਤਾ ਵਿਲੱਖਣ ਹੈ। ਸਰੀਰ ਨੂੰ ਊਰਜਾ ਪ੍ਰਦਾਨ ਕਰਨ ਦਾ ਸਭ ਤੋਂ ਵੱਡਾ ਸਰੋਤ ਸਾਡੇ ਕੇਸ ਹਨ। ਇਹ ਸਰੀਰ ਨੂੰ ਊਰਜਾ ਵੀ ਪ੍ਰਦਾਨ ਕਰਦੇ ਹਨ ਤੇ ਚਮੜੀ ਦੇ ਕਈ ਰੋਗਾਂ ਤੋਂ ਰਾਖੀ ਵੀ ਕਰਦੇ ਹਨ। ਵੱਖ-ਵੱਖ ਧਰਮਾਂ ਦੇ ਪੀਰ ਪੈਗੰਬਰ, ਰਹਿਬਰਾਂ ਨੇ ਕੇਸਾਂ ਦਾ ਸਤਿਕਾਰ ਕੀਤਾ ਹੈ ਤੇ ਹਰ ਧਰਮ ਦੇ ਪੈਰੋਕਾਰ ਕੇਸਾਧਾਰੀ ਹੋਏ ਹਨ। ਕੇਸ ਸਰੀਰ ਦਾ ਵਿਲੱਖਣ ਅੰਗ ਹਨ ਤੇ ਇੱਕ ਇਨਸਾਨ ਦੇ ਮਰਦਾਉਪੁਣੇ ਦੀ ਛਵੀ ਉਸ ਦੇ ਕੇਸਾਂ ਤੋਂ ਹੀ ਪਹਿਚਾਣੀ ਜਾ ਸਕਦੀ ਹੈ। ਇਸ ਲਈ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਆਪਣੇ ਅੰਦਰ ਇਹ ਪ੍ਰਣ ਕਰੀਏ ਅਸੀਂ ਆਪ ਵੀ ਕੇਸਾਂ ਵਿੱਚ ਪ੍ਰਪੱਕ ਹੋਈਏ, ਆਪਣੇ ਪਰਿਵਾਰ ਤੇ ਬੱਚਿਆਂ ਨੂੰ ਵੀ ਕੇਸਾਂ ਵਿੱਚ ਪ੍ਰਪੱਕ ਕਰੀਏ ਤੇ ਆਪਣੇ ਆਲੇ-ਦੁਆਲੇ ਨੂੰ ਵੀ ਕੇਸਾਂ ਦੀ ਸੰਭਾਲ ਤੇ ਇਨ੍ਹਾਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦੇਈਏ। ਇਹ ਸ਼ਤਾਬਦੀਆਂ ਮਨਾਈਆਂ ਤਾਂ ਹੀ ਸਫਲ ਹਨ, ਜੇ ਅਸੀਂ ਗੁਰੂ ਸਾਹਿਬ ਜੀ ਦੇ ਪਾਵਨ ਉਪਦੇਸ਼ਾਂ ਤੇ ਚਲਦਿਆਂ ਹੋਇਆ ਕੇਸਾਂ ਦਾ ਸਤਿਕਾਰ ਕਰੀਏ, ਇਨ੍ਹਾਂ ਦੀ ਸੰਭਾਲ ਕਰੀਏ ਤੇ ਗੁਰਸਿੱਖ ਪਿਆਰਿਆਂ ਦੇ ਜੀਵਨ ਤੋਂ ਸੇਧ ਲੈ ਕੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਹੀਏ। ਆਓ ਇਹ ਨਾਹਰਾ ਬੁਲੰਦ ਕਰਦਿਆਂ ਘਰ-ਘਰ ਇਹ ਹੋਕਾ ਦੇਈਏ:

''ਸਿੱਖ ਦੀ ਪਹਿਚਾਨ ਕੇਸ ਤੇ ਦਸਤਾਰ ਨਾਲ''

*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*

*—ਸੰਪਾਦਕ*

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਤੀਜਾ ਭਾਗ- ਧੰਨ ਧੰਨ ਮਾਤਾ ਖੀਵੀ ਜੀ

## ਉਹ ਕਿਹੜੇ ਬੀਬੀ ਜੀ ਸਨ ਜਿਨ੍ਹਾਂ ਦਾ ਨਾਮ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਇਆ ਹੈ

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਨਵਾਂ ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਤੀਸਰਾ ਭਾਗ- ਧੰਨ ਧੰਨ ਮਾਤਾ ਖੀਵੀ ਜੀ, ਜਿਨ੍ਹਾਂ ਦਾ ਨਾਮ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਆਇਆ ਹੈ, ਉਨ੍ਹਾਂ ਦੇ ਪਵਿੱਤਰ ਜੀਵਨ ਤੇ ਗੁਰੂ ਸਾਹਿਬ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਤੇ ਇਨ੍ਹਾਂ ਗੁਣਾਂ ਨੂੰ ਪੜ੍ਹ ਕੇ ਅਰਦਾਸ ਕਰੀਏ ਕਿ ਸਾਡੇ ਪਰਿਵਾਰਾਂ ਵਿੱਚ ਵੀ ਇਹ ਗੁਣ ਆਉਣ ਤੇ ਖਾਸ ਕਰਕੇ ਸਾਡੀਆਂ ਮਾਵਾਂ, ਧੀਆਂ, ਭੈਣਾਂ ਮਾਤਾ ਖੀਵੀ ਜੀ ਦੇ ਗੁਣਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕਣ।

*—ਸੰਪਾਦਕ*

ਸ਼ਬਦ

*ਸਾਚੇ ਸਾਹਿਬਾ*
*ਕਿਆ ਨਾਹੀ ਘਰਿ ਤੇਰੈ ॥*
*ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥*
*ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥*
*ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥*
*ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥*
*(ਅੰਗ ੯੧੭)*

ਸੰਗਤ ਜੀ, ਇੱਕ ਸੱਜਣ ਨਾਲ ਦਾਸ ਨੂੰ ਤਿੰਨ ਘੰਟੇ ਰਹਿਣ ਦਾ ਸਮਾਂ ਮਿਲਿਆ। ਉਸ ਨੇ ਖੱਬੇ ਹੱਥ ਦੇ ਅੰਗੂਠੇ ਨੂੰ ਤੇ ਖੱਬੇ ਹੱਥ ਦੀ ਪਹਿਲੀ ਉਂਗਲ ਨੂੰ ਸਮਝ ਲਓ, ਮਾਲਾ ਬਣਾਇਆ ਸੀ। ਅੰਗੂਠੇ ਨਾਲ ਪਹਿਲੀ ਉਂਗਲੀ ਨੂੰ ਮਾਲਾ ਸਮਝ ਕੇ ਘੁਮਾਈ ਜਾ ਰਿਹਾ ਸੀ। ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਸਿਮਰਨ ਨਾਲ ਚੱਲ ਰਿਹਾ ਸੀ।

ਤਿੰਨ ਘੰਟੇ ਦਾਸ ਉਸ ਨਾਲ ਰਿਹਾ ਹੈ ਤੇ ਤਿੰਨ ਘੰਟਿਆਂ ਵਿੱਚ ਉਸ ਨੇ ਜੋ ਪੰਦਰਾਂ ਮਿੰਟ ਅਖਬਾਰ ਪੜ੍ਹੀ ਤੇ ਅੰਗੂਠੇ ਨਾਲ ਵਾਹਿਗੁਰੂ ਸ਼ਬਦ ਚੱਲ ਰਿਹਾ ਹੈ। ਤਿੰਨ ਘੰਟੇ ਵਿੱਚ ਜੇ ਕੋਈ ਜੋੜ ਸੋਧੇ ਹਨ, ਅਕਾਊਂਟ ਸੋਧਿਆ ਹੈ ਤੇ ਵਾਹਿਗੁਰੂ ਸ਼ਬਦ ਚੱਲ ਰਿਹਾ ਹੈ। ਜੇ ਉਸ ਨੇ ਤਿੰਨ ਘੰਟੇ ਵਿੱਚ ਪਰਸ਼ਾਦਾ ਛੱਕਿਆ ਹੈ ਤੇ ਤਾਂ ਵੀ ਅੰਗੂਠੇ ਰਾਹੀਂ ਸਿਮਰਨ ਚੱਲ ਰਿਹਾ ਹੈ। ਦਾਸ ਨੇ ਕਿਹਾ ਇਵੇਂ ਸਮਾਂ ਸੰਭਾਲਣਾ, ਸਾਨੂੰ ਵਿਸਰ ਜਾਂਦਾ ਹੈ। ਇਹ ਤੁਸੀਂ ਕਿਵੇਂ ਕਰ ਰਹੇ ਹੋ? ਉਹ ਕਹਿਣ ਲੱਗਾ ਕਿ ਕਿਰਪਾ ਕਲਗੀਧਰ ਪਿਤਾ ਜੀ ਦੀ ਹੈ। ਹਰ ਕੰਮ ਕਰਨ ਤੋਂ ਪਹਿਲਾਂ ਬੱਸ ਇੱਕ ਮਿੰਟ ਮੈਂ ਸੁਚੇਤ ਹੋ ਜਾਂਦਾ ਹਾਂ ਕਿ ਕੰਮ ਕਰਨ ਲੱਗਿਆਂ ਕੰਮ ਵੀ ਹੋਈ ਜਾਵੇ ਤੇ ਸਿਮਰਨ

ਵੀ ਚੱਲੀ ਜਾਵੇ। ਕਹਿਣ ਲੱਗਾ ਕਿ ਕੰਮ ਕਰਨ ਤੋਂ ਪਹਿਲਾਂ ਥੋੜ੍ਹਾ ਜਿਹਾ ਆਪਣੇ ਆਪ ਨੂੰ ਸੁਚੇਤ ਕਰ ਲੈਂਦਾ ਹਾਂ, ਸਾਵਧਾਨ ਹੋ ਜਾਂਦਾ ਹਾਂ। ਆਓ ਸਾਰੇ ਅਸੀਂ ਵੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਆਪ ਜੀ ਦੀ ਕਿਰਪਾ ਨਾਲ ਸਾਡੇ ਦੁਨਿਆਵੀ ਕਾਰਜ ਵੀ ਚਲੀ ਜਾਣ ਤੇ ਨਾਲ-ਨਾਲ ਅੰਦਰ ਸਿਮਰਨ ਵੀ ਚਲੀ ਜਾਵੇ। ਮੰਨ ਲਓ ਇਹ ਤਬਲਾ ਹੀ ਵਜ ਰਿਹਾ ਹੈ, ਇਸ ਵਿੱਚੋਂ ਹੀ ਸੁਣੀ ਜਾਓ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ। ਉਸ ਵੀਰ ਦਾ ਅੰਗੂਠਾ ਚੱਲ ਰਿਹਾ ਹੈ, ਕਾਰਜ ਦੁਨੀਆਂ ਦੇ ਕਰ ਰਿਹਾ ਹੈ ਪਰ ਇਹ ਦਾਤ ਝੋਲੀ ਵਿੱਚ ਪੈ ਗਈ ਹੈ :

*ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥*

ਸਦਾ ਹੀ ਸਿਫਤਿ। ਅਕਾਊਂਟ ਸੋਧਦਿਆਂ ਵੀ ਵਾਹਿਗੁਰੂ ਦੀ ਸਿਫਤਿ। ਪਰਸ਼ਾਦਾ ਛਕਦਿਆਂ ਵੀ ਸਿਫਤਿ। ਇਹ ਪਹਿਲਾਂ ਸ਼ਬਦ ਬੇਨਤੀਆਂ ਦਾ ਗੁਰੂ ਸਾਹਿਬ ਜੀ ਨੇ ਸੇਵਾ ਲਈ ਹੁਣ ਅਗਲਾ ਸ਼ਬਦ ਜਿਹੜਾ ਪ੍ਰਕਰਣ ਅਧਾਰ ਬਣਾਇਆ ਹੈ। ਸਾਰੇ ਪੜ੍ਹੋ ਜੀ:

*ਮ : ੧ ॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ, ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਸਾਰੇ ਹੀ ਚੰਗੇ ਹਨ ਪਰ ਧੰਨ ਗੁਰੂ ਨਾਨਕ ਮਹਾਰਾਜ ਜੀ ਦਾ ਘਰ ਕੈਸਾ ਹੈ ਜਿੱਥੇ ਬੀਬੀਆਂ ਨੂੰ ਵੀ ਮਾਣ ਬਖਸ਼ਿਆ ਹੈ। ਇਹ ਲੜੀਵਾਰ ਪ੍ਰਕਰਨ ਚੱਲ ਰਿਹਾ ਹੈ, ਸਤਿਗੁਰੂ ਜੀ ਸੇਵਾ ਲੈ ਰਹੇ ਹਨ:

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ

ਅੱਜ ਤੀਜਾ ਭਾਗ ਹੈ। ਅੱਜ ਅਸੀਂ ਕਿਹੜੀ ਸਤਿਕਾਰਤ ਬੀਬੀ ਦੇ ਦਰਸ਼ਨ ਕਰਨੇ ਹਨ, *ਪਹਿਲੇ ਭਾਗ ਵਿੱਚ ਤੁਸੀਂ ਦਰਸ਼ਨ ਕੀਤੇ, ਬੀਬੀ ਵੀਰੋ ਜੀ ਦੇ ਜੀਵਨ ਦੇ।* ਕਿੰਨੀਆਂ ਵੱਡੀਆਂ ਸੁਮੱਤਾਂ। *ਦੂਜੇ ਭਾਗ ਵਿੱਚ ਦਰਸ਼ਨ ਕੀਤੇ, ਮਾਤਾ ਭਿਰਾਈ ਜੀ ਦੇ ਜੀਵਨ ਦੇ।* ਕਿੰਨੇ ਵੱਡੇ ਭਾਗਾਂ ਵਾਲੇ ਮਾਤਾ ਭਿਰਾਈ ਜੀ, ਜਿਨ੍ਹਾਂ ਦੇ ਘਰ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਆਪਣਾ ਆਸਣ ਲਗਾਇਆ। ਕਿੰਨੇ ਵੱਡੇ ਭਾਗਾਂ ਵਾਲੇ ਮਾਤਾ ਭਿਰਾਈ ਜੀ, ਜਿਨ੍ਹਾਂ ਦੇ ਘਰ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਆਪਣਾ ਆਸਣ ਲਗਾਇਆ ਔਰ ਸਭ ਕੁਝ ਭੋਲੇ ਭਾਅ ਮਿਲਿਆ, ਕੋਈ ਸਿਆਣਪਾਂ ਨਾਲ ਨਹੀਂ। ਇਸ ਅੰਕ ਵਿੱਚ ਆਪ ਜੀ ਨੇ *ਤੀਜੇ ਭਾਗ ਵਿੱਚ ਕਿਹੜੀ ਸਤਿਕਾਰਤ ਬੀਬੀ ਦੇ ਦਰਸ਼ਨ ਕਰਨੇ ਹਨ ਧੰਨ ਮਾਤਾ ਖੀਵੀ ਜੀ ਦੇ ਜੀਵਨ ਦੇ।*

ਇੱਕ ਵਾਰ ਕਰੋ ਰਸਨਾ ਪਵਿਤ੍ਰ ਸਾਰੇ ਆਖੋ ਜੀ। ਧੰਨ ਧੰਨ ਮਾਤਾ ਖੀਵੀ ਜੀ, ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੇ ਮਹਿਲ।

ਆਗਮਨ ਇਨ੍ਹਾਂ ਦਾ ਸੰਘਰ ਪਿੰਡ ਦਾ, ਪਿਤਾ ਜੀ ਦਾ ਨਾਂ ਦੇਵੀ ਚੰਦ ਅਤੇ ਮਾਤਾ ਜੀ ਦਾ ਨਾਂ ਕਿਰਨ ਦੇਵੀ ਸੀ। ਸੁਭਾਅ ਬਚਪਨ ਤੋਂ ਮਿੱਠਬੋਲੜਾ। ਮਾਤਾ ਖੀਵੀ ਜੀ ਦਾ ਪਰਿਵਾਰ ਕਿੰਨਾ ਹੈ? ਦੋ ਪੁੱਤਰ ਹਨ, ਦਾਤੂ ਜੀ ਤੇ ਦਾਸੂ ਜੀ। ਦੋ ਪੁੱਤਰੀਆਂ ਹਨ, ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ। ਦੋ ਬੇਟੀਆਂ ਤੇ ਦੋ ਬੇਟੇ। ਬੀਬੀਓ, ਅੱਜ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਅੱਗੇ ਤੁਹਾਡਾ ਸਿਰ ਝੁਕੇਗਾ ਕਿ ਕਿੰਨੀ ਬਖਸ਼ਿਸ਼ ਹੋਵੇਗੀ ਮਾਤਾ ਖੀਵੀ ਜੀ ਤੇ ਜਿਨ੍ਹਾਂ ਦਾ ਨਾਮ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਵੀ ਆਇਆ ਹੋਇਆ ਹੈ। ਇਸ ਤੋਂ ਇਹ ਅੰਦਾਜ਼ਾ ਲਗਾ ਲਓ, ਜਦੋਂ ਤੁਸੀਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਨਮਸਕਾਰ ਕਰਦੇ ਹੋ, ਜਿੱਥੇ ਭਗਤ ਫਰੀਦ ਜੀ ਬੈਠੇ ਹਨ, ਭਗਤ

ਕਬੀਰ ਜੀ ਬੈਠੇ ਹਨ, ਭਗਤ ਤ੍ਰਿਲੋਚਨ ਜੀ ਬੈਠੇ ਹਨ, ਭਗਤ ਸੈਣ ਨਾਈ ਜੀ ਬੈਠੇ ਹਨ, ਭਗਤ ਧੰਨਾ ਜੱਟ ਜੀ ਬੈਠੇ ਹਨ, ਭਗਤ ਪੀਪਾ ਜੀ ਬੈਠੇ ਹਨ, ਸੱਤਾ ਤੇ ਬਲਵੰਡਾ ਜੀ ਬੈਠੇ ਹਨ, ਭਾਈ ਮਰਦਾਨਾ ਜੀ ਬੈਠੇ ਹਨ, ਉੱਥੇ ਅੱਜ ਇੱਕ ਮਾਣ ਕਰਿਓ, ਉੱਥੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਮਾਤਾ ਖੀਵੀ ਜੀ ਵੀ ਬੈਠੇ ਹੋਏ ਹਨ। ਇਹ ਕਿੰਨੀ ਵੱਡੀ ਮਾਣ ਵਾਲੀ ਗੱਲ ਹੈ। ਮਾਤਾ ਖੀਵੀ ਜੀ ਜਿਨ੍ਹਾਂ ਦਾ ਇੰਨਾ ਸੱਚ ਅਤੇ ਪ੍ਰੇਮ ਤੇ ਜੀਵਨ ਤੁਰਿਆ ਹੈ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਨ੍ਹਾਂ ਦਾ ਨਾਂ ਆ ਗਿਆ :

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*(ਅੰਗ ੯੬੭)*

ਭਾਈ ਬਲਵੰਡ ਜੀ ਕਹਿੰਦੇ, ਮਾਤਾ ਖੀਵੀ ਜੀ ਬਹੁਤ ਨੇਕ ਹਸਤੀ ਹਨ। ਮਾਤਾ ਖੀਵੀ ਜੀ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਮਹਿਲ। ਇਨ੍ਹਾਂ ਦਾ ਰਿਸ਼ਤਾ ਕਿਨ੍ਹਾਂ ਨੇ ਕਰਵਾਇਆ, ਭਾਈ ਲਹਿਣਾ ਜੀ ਨਾਲ, ਵਿਚੋਲਾ ਕੌਣ ਬਣਿਆ ਹੈ, ਮਾਤਾ ਭਿਰਾਈ ਜੀ। ਹੁਣ ਧਿਆਨ ਦੇਣਾ। ਜਦੋਂ ਭਾਈ ਲਹਿਣਾ ਜੀ ਸੁਣਦੇ ਸੀ, ਕਰਤਾਰਪੁਰ ਵਿਖੇ ਨਾਨਕ ਤਪੇ ਦਾ ਡੇਰਾ ਹੈ। ਪਹਿਲਾਂ ਕਿੱਥੇ ਜਾਂਦੇ ਸੀ, ਤੁਹਾਨੂੰ ਪਤਾ ਹੀ ਹੋਵੇਗਾ। ਹੁਣ ਜਦੋਂ ਕਰਤਾਰਪੁਰ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ, (ਭਾਈ ਲਹਿਣਾ ਜੀ) ਗਏ। ਇਹੋ ਜਿਹਾ ਮਨ ਵਿਕ ਗਿਆ, ਉੱਥੋਂ ਵਾਪਸ ਆਉਣ ਤੇ ਦਿਲ ਹੀ ਨਹੀਂ ਕਰਦਾ। ਹੁਣ ਸੁਣੋ ਜੀ, ਘਰ ਦੀ ਹਾਲਤ। ਵਿਆਹ ਹੋ ਚੁੱਕਾ ਹੈ। ਦੋ ਬੱਚੇ ਹਨ। ਜਦੋਂ ਭਾਈ ਲਹਿਣਾ ਜੀ ਨੂੰ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਦਰਸ਼ਨ ਹੋਏ। ਸਾਰੇ ਪਾਸੇ ਖਬਰ ਫੈਲ ਗਈ ਕਿ ਭਾਈ ਲਹਿਣਾ ਜੀ ਨਾਨਕ ਤਪੇ ਕੋਲ ਕਰਤਾਰਪੁਰ ਹੀ ਰੁੱਕ ਗਏ ਹਨ, ਹੁਣ ਗੁਰੂ ਨਾਨਕ ਮਹਾਰਾਜ ਜੀ ਨੇ ਇਨ੍ਹਾਂ ਨੂੰ ਸਾਧੂ ਬਣਾ ਦੇਣਾ ਹੈ, ਹੁਣ ਇਹ ਘਰ ਨਹੀਂ ਆਉਣਗੇ। ਮਾਤਾ ਖੀਵੀ ਜੀ ਦੇ ਕੰਨਾਂ ਵਿੱਚ ਆ ਕੇ ਲੋਕ ਕਹਿਣ ਲੱਗੇ, ਖੀਵੀਏ ਹੁਣ ਗਿਆ ਪਤੀ ਤੇਰਾ। ਹੁਣ ਗਿਆ ਘਰੋਂ। ਨਾਨਕ ਤਪੇ ਨੇ ਹੁਣ ਨਹੀਂ ਆਉਣ ਦੇਣਾ। ਇੱਥੋਂ ਤੱਕ ਆਂਢੀ-ਗੁਆਂਢੀਆਂ ਨੇ ਆਖਿਆ, ਖੀਵੀਏ, ਤੇਰਾ ਪਤੀ ਲਹਿਣਾ ਨਾ ਘਰ ਜੋਗਾ ਰਿਹਾ ਹੈ, ਨਾ ਘਾਟ ਜੋਗਾ ਰਿਹਾ ਹੈ। ਭਾਈ ਵੀਰ ਸਿੰਘ ਜੀ ਨੇ, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਬੇਟੀ ਸਿਮਰਨ ਕੌਰ ਨੇ, ਗਿਆਨੀ ਚਰਨ ਸਿੰਘ ਜੀ ਨੇ ਇਹੋ ਜਿਹੇ ਲਫਜ਼ ਲਿਖੇ ਹਨ ਕਿ ਭਾਈ ਲਹਿਣਾ ਜੀ ਦੇ ਸਹੁਰੇ ਘਰ ਅਤੇ ਆਪਣੇ ਪਰਿਵਾਰ ਦੇ ਮੈਂਬਰ ਵੀ, ਇਹ ਸੁਣ ਕੇ ਕਿ ਲਹਿਣਾ ਜੀ ਕਰਤਾਰਪੁਰ ਰੁੱਕ ਗਏ ਹਨ ਤੇ ਖੁਸ਼ੀ ਨਹੀਂ ਹੋਈ, ਸੋਗ ਦੀ ਲਹਿਰ ਪੈਦਾ ਹੋ ਗਈ। ਭਾਈ ਲਹਿਣਾ ਜੀ ਦਾ ਆਪਣੇ ਪਰਿਵਾਰ, ਸਹੁਰਿਆਂ ਦੇ ਪਰਿਵਾਰ ਵਿੱਚ ਵੀ ਇੱਕ ਸੋਗ ਦੀ ਲਹਿਰ ਪੈਦਾ ਹੋ ਗਈ ਕਿ ਤੇਰਾ ਪਤੀ ਹੁਣ ਗਿਆ ਤੇ ਮਾਤਾ ਖੀਵੀ ਜੀ ਸੋਚਦੇ ਹਨ, ਕੀ ਕਰਾਂ? ਜਦੋਂ ਤੁਹਾਨੂੰ ਪਤਾ ਹੈ ਕਿ ਜਦੋਂ ਇਹੋ ਜਿਹਾ ਚਾਂਸ ਹੁੰਦਾ ਹੈ ਤੇ ਵਿਚੋਲਾ ਕਾਬੂ ਆਉਂਦਾ ਹੈ। ਕਹਿੰਦੇ, ਰਿਸ਼ਤਾ ਕਰਵਾਇਆ ਸੀ, ਮਾਤਾ ਭਿਰਾਈ ਜੀ ਨੇ ਤੇ ਉਨ੍ਹਾਂ ਨਾਲ ਗੱਲ ਕਰਦੇ ਹਾਂ ਜਿਨ੍ਹਾਂ ਇੱਥੇ ਰਿਸ਼ਤਾ ਕਰਵਾਇਆ ਸੀ, ਇਹ ਮਾਤਾ ਖੀਵੀ ਜੀ ਦਾ ਪਹਿਲਾ ਸਮਾਂ। ਮਾਤਾ ਖੀਵੀ ਜੀ, ਮਾਤਾ ਭਿਰਾਈ ਜੀ ਦੇ ਘਰ ਗਏ ਤੇ ਘਰ ਜਾ ਕੇ ਕੀ ਆਖਿਆ, ''ਮਾਤਾ ਭਿਰਾਈ ਜੀ! ਮੇਰੇ ਪਤੀ ਲਹਿਣਾ ਜੀ ਕਰਤਾਰਪੁਰ ਹੀ ਰੁੱਕ ਗਏ, ਸਾਡੇ ਪਰਿਵਾਰਾਂ ਵਿੱਚ ਸੋਗ ਦੀ ਲਹਿਰ ਦੌੜੀ ਪਈ ਹੈ। ਹੁਣ ਵਪਾਰ ਕੌਣ ਸੰਭਾਲੇਗਾ? ਹੁਣ ਬੱਚੇ ਕੌਣ ਸੰਭਾਲੇਗਾ? ਇਹ ਸਾਰਾ ਖਲ੍ਹੇਰਾ ਕੌਣ ਸੰਭਾਲੇਗਾ? ਉਹ ਉੱਥੇ ਚਲੇ ਗਏ ਹਨ।'' ਹੁਣ ਸੁਣਿਓ ਜਿਸ ਦੀ ਬੈਟਰੀ ਚਾਰਜ ਹੈ। ਮਾਤਾ ਭਿਰਾਈ ਜੀ, ਅੱਗੋਂ ਕੀ ਕਹਿੰਦੇ ਹਨ? ਖੀਵੀ ਜੀ, ਗੁਰੂ ਨਾਨਕ ਮਹਾਰਾਜ ਜੀ ਪਾਰਸ ਹਨ। ਨੋਟ ਕਰਨਾ ਜੀ। ਮਾਤਾ ਭਿਰਾਈ ਜੀ, ਮਾਤਾ ਖੀਵੀ ਜੀ ਨੂੰ ਕਹਿੰਦੇ ਹਨ, ਖੀਵੀ ਜੀ, ਧੰਨ ਗੁਰੂ ਨਾਨਕ ਮਹਾਰਾਜ ਜੀ ਪਾਰਸ ਹਨ। ਜਿਹੜੇ ਲਹਿਣਾ ਜੀ, ਉਨ੍ਹਾਂ ਦੇ ਕੋਲ ਗਏ ਹਨ ਤੇ ਮਨ ਨੂੰ ਸੋਗ ਵਿੱਚ ਨਾ ਲਿਆਓ, ਧੰਨ ਗੁਰੂ ਨਾਨਕ ਮਹਾਰਾਜ ਇੰਨੇ ਵੱਡੇ ਹਨ, ਉਨ੍ਹਾਂ ਨੂੰ ਵੀ ਪਾਰਸ ਬਣਾ ਕੇ ਹੀ ਭੇਜਣਗੇ। ਕਿਤੇ ਸੋਗ ਹੈ, ਬੈਟਰੀ ਡਾਊਨ ਹੈ। ਜਿੱਥੇ ਫਿਰ ਬੈਟਰੀ ਚਾਰਜ ਹੈ, ਉਨ੍ਹਾਂ ਦੇ ਮੁੱਖ ਤੋਂ ਨਿਕਲਿਆ ਧੰਨ ਗੁਰੂ ਨਾਨਕ

ਮਹਾਰਾਜ ਪਾਰਸ ਹਨ ਤੇ ਜੇ ਤੁਹਾਡੇ ਪਤੀ ਪਾਰਸ ਕੋਲ ਗਏ ਹਨ ਤੇ ਅੱਗੋਂ ਪਾਰਸ ਰੂਪ ਸਤਿਗੁਰੂ ਜੀ ਤੁਹਾਡੇ ਪਤੀ ਨੂੰ ਵੀ ਫਿਰ ਸ਼ੁੱਧ ਪਾਰਸ ਬਣਾ ਕੇ ਹੀ ਭੇਜਣਗੇ। ਚਿੰਤਾ ਨਾ ਕਰ। ਕੋਈ ਗਲਤ ਸੰਗ ਨਹੀਂ ਹੋਇਆ, ਚੰਗਾ ਸੰਗ ਹੀ ਹੋਇਆ ਹੈ। ਇੱਕ ਵਾਰੀ ਸਾਰੇ ਕਿਰਪਾ ਕਰਨਾ ਜੀ, ਸਾਰੇ ਪਿਆਰ ਨਾਲ ਪੜ੍ਹੋ ਜੀ। ਤੁਹਾਡੇ ਪਰਿਵਾਰਾਂ ਵਿੱਚ ਵੀ ਕਈ ਵਾਰ ਬੀਤਦੀ ਹੈ ਤੇ ਥੋੜ੍ਹਾ ਚਾਨਣਾ ਹੋ ਜਾਵੇਗਾ :

*ਸੰਤਨ ਸੰਗਿ ਕਬੀਰਾ ਬਿਗਰਿਓ ॥*
*ਸੋ ਕਬੀਰੁ ਰਾਮੈ ਹੋਇ ਨਿਬਰਿਓ ॥*

*(ਅੰਗ ੧੧੫੮)*

*ਗੰਗਾ ਕੈ ਸੰਗਿ ਸਲਿਤਾ ਬਿਗਰੀ ॥*
*ਸੋ ਸਲਿਤਾ ਗੰਗਾ ਹੋਇ ਨਿਬਰੀ ॥*

*(ਅੰਗ ੧੧੫੮)*

ਇਹ ਸਾਡੇ ਲਈ ਪ੍ਰੇਰਨਾ ਹੈ। ਕਈ ਵਾਰ ਤੁਸੀਂ ਗੁਰੂ ਘਰ ਨਾਲ ਜ਼ਿਆਦਾ ਜੁੜ ਜਾਓ ਤੇ ਕਈ ਵਾਰ ਪਰਿਵਾਰ ਵਿੱਚ ਸੋਗ ਆ ਜਾਂਦਾ ਹੈ, ਇਹ ਕੀ ਹੋ ਗਿਆ ਹੈ? ਫਿਰ ਇਹ ਸ਼ਬਦ ਤੋਂ ਸੇਧ ਮਿਲਦੀ ਹੈ, ਸਲਤਾ ਨਦੀ ਜਦੋਂ ਗੰਗਾ ਨਾਲ ਮੇਲ ਹੁੰਦਾ ਹੈ, ਸੰਗਤ ਹੁੰਦੀ ਹੈ ਤੇ ਉਹ ਵੀ ਗੰਗਾ ਦਾ ਰੂਪ ਹੀ ਬਣ ਜਾਂਦੀ ਹੈ। ਗੰਗਾ ਵਿੱਚ ਸਲਤਾ ਦਾ ਪਾਣੀ ਜਦੋਂ ਜਾ ਮਿਲਦਾ ਹੈ ਤੇ ਉਸ ਨੂੰ ਗੰਗਾ ਦਾ ਰੂਪ ਹੀ ਸਮਝਿਆ ਜਾਂਦਾ ਹੈ।

*ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥*
*ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥*

*(ਅੰਗ ੧੧੫੮)*

ਚੰਦਨ, ਉਸ ਦਾ ਸੰਗ ਤਰਵਰ ਦੇ ਬੂਟੇ ਨੂੰ ਹੋਇਆ, ਉਸ ਵਿੱਚੋਂ ਵੀ ਚੰਦਨ ਦੀ ਖੁਸ਼ਬੂ ਆਉਣ ਲੱਗ ਪਈ।

*ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥*
*ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥*

*(ਅੰਗ ੧੧੫੮)*

ਤਾਂਬੇ ਨੂੰ ਪਾਰਸ ਦਾ ਸੰਗ ਹੋਇਆ, ਉਹ ਵੀ ਕੰਚਨ ਬਣ ਗਿਆ।

*ਸੰਤਨ ਸੰਗਿ ਕਬੀਰਾ ਬਿਗਰਿਓ ॥*
*ਸੋ ਕਬੀਰੁ ਰਾਮੈ ਹੋਇ ਨਿਬਰਿਓ ॥*

*(ਅੰਗ ੧੧੫੮)*

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*

*(ਅੰਗ ੧੩੬੫)*

ਇੱਥੋਂ ਗਿਆਨ ਮਿਲਦਾ ਹੈ, ਦਿਲ ਕਰਦਾ ਹੈ, ਹੋਰ ਪ੍ਰਮਾਣ ਦੇਈਏ ਪਰ ਸਮਾਂ ਪੂਰਾ ਪੂਰਾ ਹੁੰਦਾ ਹੈ। ਭਗਤ ਕਬੀਰ ਜੀ ਕਹਿੰਦੇ, ਮੈਨੂੰ ਵੀ ਪਰਿਵਾਰ ਵਾਲੇ ਕਹਿੰਦੇ ਨੇ, ਕਬੀਰ ਵਿਗੜ ਗਿਆ ਹੈ ਪਰ ਉਸ ਵਿਗੜਨ ਦਾ ਕੀ ਲਾਭ ਹੋਇਆ, ਭਗਤ ਕਬੀਰ ਜੀ ਕਹਿੰਦੇ, ਰਾਮ ਤੇ ਕਬੀਰ ਇੱਕ ਰੂਪ ਹੀ ਹੋ ਗਏ। ਮਾਤਾ ਭਿਰਾਈ ਜੀ ਕਹਿੰਦੇ ਹਨ, "ਖੀਵੀਏ! ਇੰਨਾ ਦਿਲ ਛੋਟਾ ਕਰ ਲਿਆ ਹੈ, ਧੰਨ ਗੁਰੂ ਨਾਨਕ ਮਹਾਰਾਜ ਜੀ ਪਾਰਸ ਰੂਪ ਹਨ, ਜਿਹੜੇ ਤੁਹਾਡੇ ਪਤੀ ਉਨ੍ਹਾਂ ਕੋਲ ਰੁਕ ਵੀ ਗਏ ਹਨ, ਮੇਰੇ ਪਿਆਰੇ ਗੁਰੂ ਨਾਨਕ ਮਹਾਰਾਜ ਜੀ ਉਨ੍ਹਾਂ ਨੂੰ ਵੀ ਪਾਰਸ ਰੂਪ ਬਣਾ ਕੇ ਭੇਜਣਗੇ। ਕੋਈ ਗਲਤ ਜਗ੍ਹਾ ਤੇ ਨਹੀਂ ਗਏ। ਧਿਆਨ ਦੇਣਾ। ਬੜਾ ਅਨੰਦ ਆਉਂਦਾ ਹੈ, ਸਵਾਲ ਜਵਾਬ ਦਾ। ਹੁਣ ਮਾਤਾ ਖੀਵੀ ਜੀ, ਮਾਤਾ ਭਿਰਾਈ ਜੀ ਨੂੰ ਜੋ ਵਿਚੋਲੇ ਹਨ, ਉਨ੍ਹਾਂ ਨੂੰ ਕੀ ਕਹਿੰਦੇ ਹਨ? ਕਹਿੰਦੇ, ਮਾਤਾ ਭਿਰਾਈ ਜੀ, ਮੈਂ ਫਿਰ ਕਿਸ ਦੇ ਆਸਰੇ ਜੀਵਾਂ? ਇੱਕ ਗ੍ਰਹਿਸਥੀ ਨਿਭਾਉਣ ਵਾਲਾ ਮੇਰਾ ਪਤੀ ਚਲਾ ਗਿਆ ਹੈ, ਕਰਤਾਰਪੁਰ ਹੀ ਰੁਕ ਗਏ ਹਨ ਤੇ ਮੈਂ ਕਿਸ ਦੇ ਆਸਰੇ ਜੀਵਾਂ? ਗ੍ਰਹਿਸਥੀ ਖਤਮ ਕਰ ਲਵਾਂ। ਹੁਣ ਸੁਣਿਓ ਜਵਾਬ, ਬੀਬੀਓ। ਮਾਤਾ ਭਿਰਾਈ ਜੀ ਦੀ ਬੈਟਰੀ ਚਾਰਜ ਤੇ ਕੀ ਲਫ਼ਜ਼ ਕਹੇ, "ਖੀਵੀ ਜੀ! ਧੰਨ ਗੁਰੂ ਨਾਨਕ ਮਹਾਰਾਜ ਗ੍ਰਹਿਸਥੀ ਦੇ ਬੂਟੇ ਲਗਾਉਣ ਵਾਲੇ ਹਨ, ਗ੍ਰਹਿਸਥੀ ਦੇ ਬੂਟੇ ਉਜਾੜਨ ਵਾਲੇ, ਪੁੱਟਣ ਵਾਲੇ ਨਹੀਂ।" ਮਾਤਾ ਭਿਰਾਈ ਜੀ ਕਹਿੰਦੇ ਹਨ, "ਖੀਵੀ ਜੀ! ਧੰਨ ਗੁਰੂ ਨਾਨਕ ਮਹਾਰਾਜ ਜੀ ਗ੍ਰਹਿਸਥ ਨੂੰ ਵਸਾਉਂਦੇ ਹਨ, ਉਜਾੜਦੇ ਨਹੀਂ। ਹੌਸਲਾ ਰੱਖੋ, ਹਿੰਮਤ

ਰੱਖੋ। ਇਹ ਬੜੀ ਪਕੜਨ ਵਾਲੀ ਬਾਤ ਹੈ। ਕੈਸੇ ਸਾਡੇ ਧੰਨ ਗੁਰੂ ਨਾਨਕ ਮਹਾਰਾਜ ਜੀ ਹਨ। ਇਹ ਨਹੀਂ ਕਹਿੰਦੇ, ਬੱਚੇ ਛੱਡ ਦਿਓ। ਇਹ ਨਹੀਂ ਕਹਿੰਦੇ, ਪਰਿਵਾਰ ਛੱਡ ਦਿਓ। ਗ੍ਰਹਿਸਥ ਵਿੱਚ ਰਹਿ ਕੇ ਹੀ ਉਨ੍ਹਾਂ ਨੇ ਮਾਰਗ ਦਿੱਤਾ ਹੈ, ਮੁਕਤੀ ਦਾ। ਕੈਸਾ ਪਿਆਰਾ ਸਾਨੂੰ ਰਸਤਾ ਬਖਸ਼ਿਆ ਹੈ, ਗਰੀਬ ਨਿਵਾਜ ਨੇ। ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੈਠੇ ਹਾਂ। ਤੁਹਾਡੀ ਨਿਮਾਣੀ ਜਿਹੀ ਸਭਾ ਦੇ ਜਿੰਨੇ ਵੀ ਜੱਥੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਹਨ, ਅੱਜ ਤੱਕ ਗੁਰੂ ਸਾਹਿਬ ਦੀ ਕਿਰਪਾ ਨਾਲ, ਇੱਕ ਵੀ ਮੁੰਡੇ ਨੂੰ ਨਹੀਂ ਕਦੀ ਕਿਹਾ ਕਿ ਕਿਰਤ ਛੱਡ ਦੇ, ਕਾਰੋਬਾਰ ਛੱਡ ਦੇ ਤੇ ਤੂੰ ਇਸ ਲਾਈਨ ਵਿੱਚ ਆ ਜਾ। ਕਿਰਤ ਵੀ ਕਰ, ਪਰ ਨਾਲ-ਨਾਲ ਡਿਊਟੀ ਵੀ ਨਿਭੇ। ਦੋਵੇਂ ਚੀਜ਼ਾਂ ਹੀ ਤੁਰਨ।

ਮਹੀਨੇ ਕੁ ਦੀ ਗੱਲ ਹੈ। ਉੜੀਸਾ ਤੋਂ ਦੋ ਭੈਣਾਂ ਆਈਆਂ ਸੀ, ਪਰਿਵਾਰ ਆਇਆ ਸੀ। ਉਨ੍ਹਾਂ ਨੇ ਗੱਲਾਂ ਵਿੱਚ ਗੱਲ ਕਹੀ, ਭਲਾਈ ਕੇਂਦਰ ਆਏ, ਜਲ ਪਾਣੀ ਛਕਾਇਆ, ਦੱਸਿਆ ਕਿ ਕਿਵੇਂ ਜੁੜੇ? ਟੀ.ਵੀ. ਰਾਹੀਂ ਕੀਰਤਨ ਸਰਵਣ ਕੀਤੇ ਤੇ ਅਖੀਰ ਤੇ ਉਨ੍ਹਾਂ ਨੇ ਇੱਕ ਗੱਲ ਕਹੀ, ਉਸ ਬੀਬੀ ਨੇ। ਕਹਿਣ ਲੱਗੀ, ਇੱਕ ਬੇਟੀ ਮੇਰੀ ਵਿਆਹੀ ਗਈ ਹੈ ਤੇ ਦੂਜੀ ਬੇਟੀ ਮੈਂ ਵਿਆਹ ਕੇ, ਘਰ ਛੱਡ ਕੇ, ਅੰਮ੍ਰਿਤਸਰ ਪੱਕਾ ਹੀ ਆ ਜਾਣਾ ਹੈ। ਉਸ ਦੇ ਦਿਮਾਗ ਵਿੱਚ ਹੈ, ਬੇਟੀਆਂ ਵਿਆਹੋ ਤੇ ਗ੍ਰਹਿਸਥੀ ਛੱਡ ਕੇ ਆ ਜਾਓ। ਕੀ ਗੁਰੂ ਇੰਝ ਮਿਲ ਜਾਵੇਗਾ? ਦਾਸ ਨੇ ਪੁੱਛਿਆ ਕਿ ਆਪ ਜੀ ਅੰਮ੍ਰਿਤਸਰ ਆ ਕੇ ਕਿੱਥੇ ਰਹੋਗੇ? ਕਹਿਣ ਲੱਗੀ, ਭਲਾਈ ਕੇਂਦਰ। ਦਾਸ ਨੇ ਕਿਹਾ ਕਿ ਇੱਥੇ ਤਾਂ ਰਾਤੀਂ ਤਾਲਾ ਮਾਰ ਦੇਈਦਾ ਹੈ। ਸਿਕਿਓਰਿਟੀ ਗਾਰਡ ਹੀ ਹੁੰਦਾ ਹੈ। ਇਹ ਗ੍ਰਹਿਸਥੀ ਮਾਰਗ ਹੈ। ਫਿਰ ਪੰਜ ਮਿੰਟ ਉਸ ਨੂੰ ਸਮਝਾਇਆ। ਰੱਬ ਉੜੀਸਾ ਵਿੱਚ ਵੀ ਹੈ। ਗੁਰੂ ਨਾਨਕ ਮਹਾਰਾਜ ਉੜੀਸਾ ਵਿੱਚ ਵੀ ਨਾਲ ਵਰਤਦੇ ਹਨ। ਉਂਝ ਖੁਸ਼ੀ ਨਾਲ ਆਓ, ਪੰਜ ਦਿਨ, ਦਸ ਦਿੰਨ, ਪੰਦਰਾਂ ਦਿਨ, ਮਹੀਨਾ ਪਰ ਬੀਬੀ ਕੌਲਾਂ ਜੀ ਭਲਾਈ ਕੇਂਦਰ ਦਾ ਇਹ ਮਾਰਗ ਨਹੀਂ ਹੈ ਕਿ ਪਰਿਵਾਰ ਛੱਡ ਦਿਓ ਤੇ ਇਧਰ ਆ ਜਾਓ। ਗ੍ਰਹਿਸਥੀ ਵਿੱਚ ਰਹਿ ਕੇ ਗੁਰੂ ਨਾਨਕ ਮਹਾਰਾਜ ਕਹਿੰਦੇ ਹਨ ਕਿ ਤੂੰ ਮੈਨੂੰ ਪਾ ਸਕਦਾ ਹੈਂ। ਤੂੰ ਮੇਰੀ ਪ੍ਰਾਪਤੀ ਕਰ ਸਕਦਾ ਹੈਂ। ਪੜ੍ਹੋ ਜੀ ਪਿਆਰ ਨਾਲ:

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥*

*(ਅੰਗ ੧੩੦੧)*

*ਚਾਰਿ ਪਦਾਰਥ ਕਮਲ ਪ੍ਰਗਾਸ ॥*
*ਸਭ ਕੈ ਮਧਿ ਸਗਲ ਤੇ ਉਦਾਸ ॥*

*(ਅੰਗ ੨੯੬)*

ਨਹੀਂ ਲੱਭਣਗੇ, ਐਸੇ ਗੁਰੂ ਨਾਨਕ ਮਹਾਰਾਜ। ਸਾਰੀ ਸੰਗਤ ਨੂੰ ਹੱਥ ਜੋੜ ਕੇ ਬੇਨਤੀ ਹੈ। ਗ੍ਰਹਿਸਥੀ ਨੂੰ ਵਿਸ਼ਰਾਮ ਦੇ ਕੇ ਬਿਹੰਗਮੀ ਪਹਿਰੇ ਵਿੱਚ ਆ ਜਾਣਾ, ਨਹੀਂ, ਉਸ ਪਹਿਰੇ ਦਾ ਵੀ ਪੂਰਨ ਸਤਿਕਾਰ ਕਰਿਓ ਪਰ ਗੁਰੂ ਨਾਨਕ ਮਹਾਰਾਜ ਜੀ ਨੇ ਗ੍ਰਹਿਸਥੀ ਨੂੰ ਵੀ ਇਸ਼ਾਰਾ ਦੇ ਦਿੱਤਾ ਹੈ, ਸਹਿਜ ਗ੍ਰਹਿਸਥੀ ਬਣੀ। ਸਹਿਜ ਗ੍ਰਹਿਸਥੀ ਦਾ ਜੀਵਨ ਜੀਵੀਂ, ਵਿੱਚ ਫਸੀਂ ਨਾ। ਇਸ ਵਿੱਚ ਰਹਿੰਦਿਆਂ ਹੀ ਤੂੰ ਮੈਨੂੰ ਪਾ ਸਕਦਾ ਹੈਂ, ਤੈਨੂੰ ਪ੍ਰਾਪਤੀ ਹੋ ਸਕਦੀ ਹੈ। ਹੁਣ ਵੇਖੋ ਕਿੰਨੀ ਲੋੜ ਹੈ, ਚੰਗੇ ਸੰਗ ਦੀ। ਭਾਈ ਵੀਰ ਸਿੰਘ ਜੀ ਨੇ ਲਿਖਿਆ, ਕਿੱਥੇ ਸੋਗ ਦੀ ਲਹਿਰ ਦੌੜੀ ਪਈ ਸੀ, ਮਾਤਾ ਖੀਵੀ ਜੀ ਦੇ ਹਿਰਦੇ ਵਿੱਚ ਤੇ ਕਿਤੇ ਮਾਤਾ ਭਿਰਾਈ ਜੀ ਦਾ ਸੰਗ ਹੋ ਗਿਆ, ਜਿਨ੍ਹਾਂ ਦੀ ਬੈਟਰੀ ਚਾਰਜ ਸੀ। ਉਹ ਕਹਿੰਦੇ, ਗੁਰੂ ਨਾਨਕ ਮਹਾਰਾਜ ਜੀ ਗ੍ਰਹਿਸਥੀ ਦੇ ਬੂਟੇ ਉਜਾੜਦੇ ਨਹੀਂ, ਉਹ ਤਾਂ ਲਗਾਉਣ ਵਾਲੇ ਹਨ। ਤੇਰਾ ਬੂਟਾ ਨਹੀਂ ਉਜਾੜਨਗੇ। ਗੁਰੂ ਨਾਨਕ ਮਹਾਰਾਜ ਜੀ ਬੂਟੇ ਲਗਾਉਣ ਵਾਲੇ ਹਨ। ਜਦੋਂ ਬੈਟਰੀ ਚਾਰਜ ਹੋ ਗਈ। ਹੁਣ ਸੁਣਨ ਵਾਲੇ ਬਚਨ ਹਨ, ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਮਾਤਾ ਖੀਵੀ ਜੀ, ਹੁਣ ਕੀ ਕਹਿੰਦੇ ਹਨ? ਮਾਤਾ ਖੀਵੀ ਜੀ ਕਹਿੰਦੇ, "ਮਾਤਾ ਭਿਰਾਈ ਜੀ! ਜਦੋਂ ਮੇਰੇ ਪਤੀ ਘਰ ਆਉਣਗੇ ਤੇ ਤੁਸੀਂ ਵਿਚੋਲੇ ਪੈ ਕੇ ਮੇਰੀ ਬੇਨਤੀ ਵੀ ਕਰ ਦੇਣਾ ਕਿ ਜੇ ਗੁਰੂ ਨਾਨਕ ਮਹਾਰਾਜ ਜੀ ਦੇ ਆਸ਼ਕ ਬਣ ਗਏ ਹੋ ਤੇ ਜਿਧਰ ਵੀ

ਤੁਰੋਗੇ ਤੇ ਮੈਨੂੰ ਨਾਲ ਹੀ ਤੋਰਿਓ। ਧਿਆਨ ਦੇਣਾ ਜੀ। ਜਿਧਰ ਤੁਰਨਗੇ, ਮੈਨੂੰ ਨਾਲ ਹੀ ਤੋਰਨ। ਭਾਈ ਵੀਰ ਸਿੰਘ ਜੀ ਨੇ ਬਚਨ ਲਿਖੇ ਹਨ, ਮਾਤਾ ਖੀਵੀ ਜੀ ਕਹਿੰਦੇ ਹਨ, ਫਿਰ ਮੇਰੇ ਪਤੀ ਜੀ ਨੂੰ ਕਹਿਣਾ ਕਿ ਜੇ ਉਹ ਗੋਦੜੀ ਵੀ ਪਾ ਲੈਣਗੇ। ਗੋਦੜੀ ਬੜੀ ਵੱਡੀ ਅਵਸਥਾ ਹੁੰਦੀ ਹੈ। ਵੱਖ-ਵੱਖ ਕੱਪੜਿਆਂ ਨੂੰ ਟਾਂਕਾ ਲਗਾ ਕੇ ਬਣਾਈ ਜਾਂਦੀ ਹੈ। ਕਿਤੇ ਕੋਈ ਟਾਂਕਾ, ਕਿਤੇ ਕੋਈ ਟਾਂਕਾ ਲਗਿਆ ਹੁੰਦਾ ਹੈ, ਉਸਨੂੰ ਕਹਿੰਦੇ ਨੇ ਗੋਦੜੀ। ਭਾਵ ਬਸਤਰਾਂ ਦੀ ਪਕੜ ਵੀ ਖਤਮ। ਮਾਤਾ ਖੀਵੀ ਜੀ, ਮਾਤਾ ਭਿਰਾਈ ਜੀ ਨੂੰ ਕਹਿੰਦੇ, ਜੇ ਮੇਰੇ ਪਤੀ ਭਾਈ ਲਹਿਣਾ ਜੀ, ਗੋਦੜੀ ਵੀ ਪਾ ਲੈਣਗੇ ਤੇ ਮੈਂ ਲੀਰਾਂ ਗੰਢ ਕੇ ਹੰਢਾ ਲਵਾਂਗੀ ਪਰ ਮੈਨੂੰ ਨਾਲ ਹੀ ਰੱਖਣ। ਤੀਜੇ ਲਫਜ਼ ਲਿਖੇ ਹਨ, ਭਾਈ ਵੀਰ ਸਿੰਘ ਜੀ ਨੇ। ਮਾਤਾ ਖੀਵੀ ਜੀ, ਮਾਤਾ ਭਿਰਾਈ ਜੀ ਨੂੰ ਕਹਿੰਦੇ ਹਨ, ਫਿਰ ਤੁਸੀਂ ਉਨ੍ਹਾਂ ਨੂੰ ਇਹ ਵੀ ਕਹਿਣਾ ਕਿ ਜੇ ਉਹ ਕਹਿਣਗੇ ਕਿ ਮੰਗ ਕੇ ਖਾਣਾ ਹੈ ਤੇ ਮੈਂ ਗਜਾ ਕਰ ਲਵਾਂਗੀ। ਗਜਾ ਬੋਲੀ ਹੁੰਦੀ ਹੈ, ਕਈ ਮਹਾਂਪੁਰਸ਼ਾਂ ਦੇ ਸੇਵਕ ਗਜਾ ਕਰਨ ਜਾਂਦੇ ਹਨ। ਜੇ ਉਹ ਕਹਿਣਗੇ ਕਿ ਮੰਗ ਕੇ ਖਾਣਾ ਹੈ ਤੇ ਮੈਂ ਗਜਾ ਕਰਕੇ ਲਿਆਵਾਂਗੀ ਪਰ ਉਨ੍ਹਾਂ ਨੂੰ ਕਹਿਣਾ ਕਿ ਮੈਨੂੰ ਆਪਣੇ ਨਾਲ ਹੀ ਰੱਖਣ। ਚੌਥੇ ਲਫਜ਼ ਲਿਖੇ ਹਨ, ਉਨ੍ਹਾਂ ਦਾ ਹਰ ਹੁਕਮ ਵੀ ਮੈਂ ਕਮਾਵਾਂਗੀ ਪਰ ਮੈਨੂੰ ਆਪਣੇ ਨਾਲ ਰੱਖਣ। ਅੱਗੋਂ ਮਾਈ ਭਿਰਾਈ ਜੀ ਨੇ ਕੀ ਜਵਾਬ ਦਿੱਤਾ? ਖੀਵੀ ਜੀ, ਤੁਹਾਨੂੰ ਉਹ ਠੂਠਾ ਨਹੀਂ ਫੜ੍ਹਾਉਣਗੇ। ਨਾ ਹੀ ਤੁਹਾਨੂੰ ਲੀਰਾਂ ਹੰਢਾਉਣਗੇ ਉਹ ਤੇ ਗੁਰੂ ਨਾਨਕ ਮਹਾਰਾਜ ਜੀ ਦੇ ਪਿਆਰ ਵਿੱਚ ਰੁਕੇ ਹਨ, ਤੁਹਾਨੂੰ ਵੀ ਗੁਰੂ ਨਾਨਕ ਮਹਾਰਾਜ ਦੀ ਪਿਆਰੀ ਹੀ ਬਣਾ ਦੇਣਗੇ। ਵੇਖੋ। ਕੱਲ੍ਹ ਅੰਮ੍ਰਿਤਸਰ ਹੀ ਚੌਕ ਜੈ ਸਿੰਘ ਲੜੀ ਦੇ ਭੋਗ ਪਏ। ਉੱਥੇ ਦਾਸ ਨੇ ਇਹ ਪੜ੍ਹਿਆ ਸੀ:

*ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ*
*ਤੇਰਾ ਨਾਮ ਚਿਤ ਆਵੈ ॥*

ਬੜੀ ਲੋੜ ਹੈ। ਬੁਝੀਆਂ ਬੈਟਰੀਆਂ ਤੁਹਾਡੀਆਂ ਚਾਰਜ ਹੋ ਜਾਣਗੀਆਂ, ਜੇ ਚੰਗਾ ਸੰਗ ਮਿਲ ਜਾਵੇ। ਕਿੱਥੇ ਸੋਗ ਦੀ ਲਹਿਰ। ਭਾਈ ਲਹਿਣਾ ਜੀ ਦੇ ਸਹੁਰੇ ਪਰਿਵਾਰ ਵੀ, ਆਪਣੇ ਪਰਿਵਾਰ ਵੀ ਤੇ ਕਿੱਥੇ ਇੱਕ ਰੰਗੀ ਹੋਈ ਬੀਬੀ ਨੇ ਬੈਟਰੀ ਚਾਰਜ ਕਰ ਦਿੱਤੀ। ਅੰਸ਼ ਤਾਂ ਲਈਦੇ ਹਨ, ਤਾਂ ਕਿ ਲਾਭ ਹੋਵੇ। ਇੱਕ ਵਾਰੀ ਸਾਰੇ ਅਰਦਾਸ ਕਰੋ, ਹੇ ਪਿਤਾ ਜੀ, ਕਿਰਪਾ ਕਰ ਦਿਓ :

*ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ*
*ਤੇਰਾ ਨਾਮ ਚਿਤ ਆਵੈ ॥*

ਅੰਦਰੋਂ ਅਰਦਾਸ ਕਰਿਓ। ਚੰਗੇ ਮੇਲ ਦਾ, ਚੰਗੇ ਸੰਗ ਦਾ, ਇੱਕ ਘੜੀ ਦਾ ਸੰਗ ਵੀ ਜੀਵਨ ਬਦਲ ਦਿੰਦਾ ਹੈ। ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਇੱਕ ਬਚਨ ਦਾਸ ਨੇ ਪੜ੍ਹਿਆ ਤੇ ਦਾਸ ਨੂੰ ਕਿੰਨਾ ਚਿਰ ਹੀ ਅੰਦਰ ਕੁਝ ਹੋਈ ਜਾਵੇ। ਬਾਬਾ ਜੀ ਬਚਨ ਕਰਦੇ ਸਨ, ਦੋ ਚੀਜ਼ਾਂ ਭੁੱਲ ਜਾਓ। ਵਾਕਿਆ ਹੀ ਸਾਡੇ ਵਿੱਚ ਕਮੀਆਂ ਹਨ। ਇੱਕ ਨੇਕੀ ਕਰਕੇ ਭੁੱਲ ਜਾਓ, ਦੂਜਾ ਬਦਲੇ ਦੀ ਭਾਵਨਾ ਵੀ ਭੁੱਲ ਜਾਓ। ਅਸੀਂ ਨੇਕੀ ਕਰਕੇ ਵੀ ਯਾਦ ਰੱਖਦੇ ਹਾਂ ਤੇ ਬਦਲੇ ਦੀ ਭਾਵਨਾ ਵੀ ਯਾਦ ਰੱਖਦੇ ਹਾਂ। ਕਦੀ ਕਿਸੇ ਦੀ ਕੋਈ ਮਦਦ ਵੀ ਕੀਤੀ ਹੋਵੇ, ਲੱਖ-ਦੋ ਲੱਖ ਦੀ। ਹੈ ਤਾਂ ਨੇਕੀ ਹੈ ਪਰ ਉਹ ਭੁੱਲਦੀ ਕਿੱਥੇ ਹੈ। ਕੁਝ ਮਹੀਨਿਆਂ ਬਾਅਦ ਹੀ ਮੁੱਖ ਵਿੱਚੋਂ ਨਿਕਲਦਾ ਹੈ, ਮੈਂ ਉਸ ਦੀ ਮਦਦ ਕੀਤੀ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਦਾ ਜਦੋਂ ਦਾਸ ਨੇ ਬਚਨ ਪੜ੍ਹਿਆ ਤੇ ਦਾਸ ਦਾ ਅੰਦਰ ਹਿਲ ਗਿਆ ਕਿ ਭੁੱਲ ਜਾਓ। ਦੋ ਚੀਜ਼ਾਂ ਭੁੱਲ ਜਾਓ। ਨੇਕੀ ਕਰਕੇ ਭੁੱਲ ਜਾਓ ਤੇ ਕਿਸੇ ਨਾਲ ਬਦਲੇ ਦੀ ਭਾਵਨਾ ਵੀ ਭੁੱਲ ਜਾਓ। ਕੋਈ ਪਤਾ ਨਹੀਂ ਕਿਹੜੀ ਲਾਈਨ ਨੇ ਜੀਵਨ ਬਣਾ ਦੇਣਾ ਹੈ। ਉਧਰ ਜਦੋਂ ਮਾਤਾ ਭਿਰਾਈ ਜੀ ਨੇ ਬੈਟਰੀ ਚਾਰਜ ਕਰ ਦਿੱਤੀ। ਇਧਰ ਕੀ ਬਣਿਆ? ਭਾਈ ਲਹਿਣਾ ਜੀ ਕਰਤਾਰਪੁਰ ਰੁਕੇ ਤੇ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, "ਲਹਿਣਾ ਜੀ! ਘਰ ਜਾਓ। ਅੱਗੋਂ ਜਿਵੇਂ ਹੁੰਗਾਰਾ ਨਾ ਭਰਿਆ, ਭਾਈ ਲਹਿਣਾ ਜੀ ਨੇ।" ਮਹਾਰਾਜ ਜੀ ਕਹਿੰਦੇ, "ਭਾਈ ਲਹਿਣਾ ਜੀ! ਘਰ ਜਾਓ, ਜਦੋਂ ਫਿਰ ਜੀਅ ਕਰੇਗਾ, ਆ ਜਾਣਾ। ਹੁਣ ਜਾਓ।" ਉਹ ਕਹਿੰਦੇ, "ਜੀਅ ਨਹੀਂ ਕਰਦਾ।"

ਗੁਰੂ ਨਾਨਕ ਮਹਾਰਾਜ ਜੀ ਨੇ ਸਿਰ ਤੇ ਹੱਥ ਰੱਖਿਆ ਤੇ ਮੁੜ ਬਚਨ ਕੀਤਾ ਲਹਿਣਾ ਜੀ! ਘਰ ਜਾਓ। ਇਹ ਹਨ, ਸਾਡੇ ਬਾਬਾ ਨਾਨਕ ਜੀ। ਘਰ ਜਾਓ, ਕਰਤਾਰ ਭਲੀ ਕਰੇਗਾ। ਭਾਈ ਲਹਿਣਾ ਜੀ ਘਰ ਆ ਗਏ ਪਰ ਜੀਅ ਨਾ ਲੱਗੇ। ਪਿਆਰੇ ਦੇ ਬੰਧਨ ਵਿੱਚ ਐਸਾ ਪਿਆਰ ਕਿ ਜੀਅ ਨਾ ਲੱਗੇ ਤੇ ਮਾਤਾ ਖੀਵੀ ਜੀ ਦੇ ਕੰਨਾਂ ਵਿੱਚ ਗੱਲ ਪੈ ਗਈ। ਕੀ ਗੱਲ ਪੈ ਗਈ? ਕਿ ਭਾਈ ਲਹਿਣਾ ਜੀ ਆਪਣੇ ਭਣੇਵੇਂ ਨੂੰ ਸਾਰਾ ਕਾਰੋਬਾਰ ਸਮਝਾ ਰਹੇ ਹਨ ਤੇ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਵਿੱਚ ਆਪਣੀ-ਜਾਣ ਦੀ ਤਿਆਰੀ ਹੈ। ਕਰਿਆਨੇ ਦੀ ਦੁਕਾਨ ਹੈ। ਮਾਤਾ ਖੀਵੀ ਜੀ ਦੇ ਲਫਜ਼ ਸੁਣਿਓ, ਉਹ ਸਮਾਂ। ਭਾਈ ਲਹਿਣਾ ਜੀ ਨੂੰ ਕੀ ਕਹਿੰਦੇ ਹਨ? ਘਰ ਬੈਠ ਕੇ ਜੋਗ ਕਮਾਓ। ਬਾਹਰ ਨਾ ਜਾਓ। ਮੈਂ ਤੁਹਾਡੇ ਜੋਗ ਕਮਾਉਣ ਵਿੱਚ ਰੁਕਾਵਟ ਨਹੀਂ ਬਣਾਂਗੀ। ਘਰ ਬੈਠ ਕੇ ਤਪ ਕਰੋ। ਬਾਹਰ ਨਾ ਜਾਓ। ਮੈਂ ਤੁਹਾਡੇ ਤਪ ਵਿੱਚ ਰੋੜਾ ਨਹੀਂ ਬਣਾਂਗੀ। ਤੁਸੀਂ ਜਿਵੇਂ ਮੈਨੂੰ ਕਹੋਗੇ, ਮੈਂ ਉਸੇ ਤਰ੍ਹਾਂ ਤੁਰਾਂਗੀ। ਹੁਣ ਜਵਾਬ ਸੁਣਿਓ। ਬੜਾ ਅਨੰਦ ਆਉਂਦਾ ਹੈ। ਭਾਈ ਲਹਿਣਾ ਜੀ ਕੀ ਕਹਿੰਦੇ, ''ਖੀਵੀਏ! ਮੈਂ ਕੋਈ ਜੋਗੀ, ਸਰੇਵਰੜਾ, ਸੰਨਿਆਸੀ ਬਣਨ ਨਹੀਂ ਚਲਿਆ। ਖੀਵੀਏ, ਮੈਂ ਤਾਂ ਇੱਕ ਪਿਆਰੇ ਦੇ ਪ੍ਰੇਮ ਵਿੱਚ ਵਿਕ ਗਿਆ ਹਾਂ। ਵੇਖੋ ਪਿਆਰ! ਇਸ ਤਰ੍ਹਾਂ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਨਾਲ ਪਿਆਰ ਕਰਿਓ। ਮੈਂ ਤਾਂ ਇੱਕ ਪਿਆਰੇ ਦੇ ਪ੍ਰੇਮ ਵਿੱਚ ਵਿਕ ਗਿਆ ਹਾਂ। ਉਸ ਪਿਆਰੇ ਦੇ ਪਿਆਰ ਵਿੱਚ ਖੀਵੀ ਜੀ, ਤੁਸੀਂ ਵੀ ਮੇਰਾ ਸਾਥ ਦਿਓ। ਮੈਨੂੰ ਜਾਣ ਦਿਓ। ਮੈਨੂੰ ਜਾਣ ਵਿੱਚ ਜਿੰਨਾ ਸਾਥ ਦੇਵੋਗੇ, ਉਨਾ ਮਹਾਤਮ ਤੁਹਾਡੀ ਵੀ ਝੋਲੀ ਵਿੱਚ ਪਵੇਗਾ। ਮੈਂ ਕੋਈ ਜੋਗੀ, ਸਰੇਵਰੜਾ, ਸੰਨਿਆਸੀ ਬਣਨ ਨਹੀਂ ਚਲਿਆ। ਪਿਆਰੇ ਦੇ ਪਿਆਰ ਵਿੱਚ ਮੈਂ ਚਲਿਆ ਹਾਂ। ਕਿਹੋ ਜਿਹਾ ਘਰ ਦਾ ਸੀਨ ਹੋਵੇਗਾ। ਗੱਲਾਂ ਹੋ ਰਹੀਆਂ ਹਨ, ਮਾਤਾ ਖੀਵੀ ਜੀ ਅਤੇ ਭਾਈ ਲਹਿਣਾ ਜੀ ਵਿਚਾਲੇ। ਉੱਤੋਂ ਆ ਗਏ, ਮਾਤਾ ਭਿਰਾਈ ਜੀ। ਖਡੂਰ ਸਾਹਿਬ ਰਿਹਾਇਸ਼ ਸੀ। ਮਾਤਾ ਖੀਵੀ ਜੀ ਨੇ ਉਨ੍ਹਾਂ ਨੂੰ ਦੱਸਿਆ, ਇਹ (ਭਾਈ ਲਹਿਣਾ ਜੀ) ਚੱਲੇ ਹਨ। ਮਾਤਾ ਭਿਰਾਈ ਜੀ ਨੇ ਫਿਰ ਬੈਟਰੀ ਚਾਰਜ ਕੀਤੀ, ਪਿਆਰੇ ਦੇ ਪਿਆਰ ਵਿੱਚ ਚਲੇ ਹਨ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਮਾਤਾ ਖੀਵੀ ਜੀ, ਉਸੇ ਵੇਲੇ ਪਹੁਏ, ਪਹੁਏ ਕਹਿੰਦੇ ਹਨ, ਖੜ੍ਹਾਵਾਂ ਨੂੰ। ਮਾਤਾ ਖੀਵੀ ਜੀ ਦੀਆਂ ਨਜ਼ਰਾਂ ਭਾਈ ਲਹਿਣਾ ਜੀ ਦੇ ਚਰਨਾਂ ਵੱਲ, ਖੜ੍ਹਾਵਾਂ ਤੇ ਗਈਆਂ ਅਤੇ ਕਹਿੰਦੇ ਇਸ਼ਾਰੇ ਵਿੱਚ ਹੀ ਮਾਤਾ ਭਿਰਾਈ ਜੀ ਨੂੰ ਆਖਿਆ ਕਿ ਬੇਨਤੀ ਕਰ ਦਿਓ ਜੇ ਜਾਣਾ ਹੀ ਹੈ, ਇਹ ਖੜ੍ਹਾਵਾਂ ਹੀ ਮੈਨੂੰ ਦੇ ਜਾਣ। ਮੈਂ ਖੜ੍ਹਾਵਾਂ ਦੀ ਪੂਜਾ ਹੀ ਕਰ ਲਵਾਂਗੀ। ਮੈਂ ਖੜ੍ਹਾਵਾਂ ਨਾਲ ਹੀ ਸਬਰ ਕਰ ਲਵਾਂਗੀ। ਜਦੋਂ ਇਹ ਇਸ਼ਾਰਾ ਕੀਤਾ ਤੇ ਮਾਤਾ ਭਿਰਾਈ ਜੀ ਕਹਿੰਦੇ ਹਨ, ਲਹਿਣਾ ਜੀ ਨੂੰ ਕਿ ਲਹਿਣਾ ਜੀ, ਖੀਵੀ ਜੀ ਤੁਹਾਨੂੰ ਕੁਝ ਕਹਿਣਾ ਚਾਹੁੰਦੇ ਹਨ? ਜੀ, ਕੀ ਕਹਿਣਾ ਚਾਹੁੰਦੇ ਹਨ? ਉੱਥੇ ਲਿਖਿਆ ਹੈ ਕਿ ਇਹ ਬੇਨਤੀ ਹੈ ਕਿ ਆਪਣੇ ਚਰਨਾਂ ਦੀਆਂ ਖੜ੍ਹਾਵਾਂ ਮੈਨੂੰ ਦੇ ਜਾਓ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਭਾਈ ਲਹਿਣਾ ਜੀ ਨੇ ਉਸ ਵੇਲੇ ਆਪਣਾ ਸੱਜਾ ਹੱਥ ਚੁੱਕਿਆ ਤੇ ਆਪਣੇ ਅੰਗ ਰੱਖਿਅਕ ਜੇਬੇ ਵਿੱਚੋਂ ਰੇਸ਼ਮ ਦੇ ਰੁਮਾਲ ਵਿੱਚ ਕੁਝ ਸੀ, ਉਹ ਕੱਢਿਆ, ਕਹਿਣ ਲੱਗੇ, ਫਿਰ ਮੈਂ ਖੜ੍ਹਾਵਾਂ ਨਹੀਂ ਦੇਣੀਆਂ, ਇਹ ਲੈ ਲਓ। ਅੱਗੋਂ ਮਾਤਾ ਖੀਵੀ ਜੀ ਅਤੇ ਮਾਤਾ ਭਿਰਾਈ ਜੀ ਕਹਿੰਦੇ, ਇਹ ਕੀ ਹੈ? ਭਾਈ ਲਹਿਣਾ ਜੀ ਕਹਿੰਦੇ, ਇਹ ਉਹ ਚੀਜ਼ ਹੈ ਜਿਹੜੀ ਖੀਵੀ ਜੀ ਦਾ ਪਾਰ ਉਤਾਰਾ ਕਰ ਦੇਵੇਗੀ। ਜੇ ਲੈਣਾ ਹੈ ਤਾਂ ਇਹ ਲੈ ਲਓ। ਉਹ ਕਹਿੰਦੇ ਕਿ ਇਹ ਕੀ ਚੀਜ਼ ਹੈ ਜਿਹੜੀ ਪਾਰ ਉਤਾਰਾ ਕਰ ਦੇਵੇਗੀ ਤੇ ਭਾਈ ਲਹਿਣਾ ਜੀ ਕਹਿੰਦੇ, ਮੇਰੀਆਂ ਖੜ੍ਹਾਵਾਂ ਪੂਜਣਯੋਗ ਨਹੀਂ, ਇਹ ਰੇਸ਼ਮ ਦੇ ਰੁਮਾਲ ਵਿੱਚ ਜੋ ਦਿੱਤਾ ਹੈ, ਇਹ ਪੂਜਣਯੋਗ ਹੈ। ਇਸ ਨੂੰ ਜਿੰਨਾ ਮਰਜ਼ੀ, ਪੂਜ ਲਓ। ਜੀ ਇਹ ਕੀ ਹੈ? ਭਾਈ ਲਹਿਣਾ ਜੀ ਕਹਿੰਦੇ, ਮੈਂ ਚਲਿਆ ਹਾਂ। ਮੇਰੇ ਜਾਣ ਤੋਂ ਬਾਅਦ ਖੋਲ੍ਹ ਕੇ ਵੇਖ ਲੈਣਾ, ਇਹ ਕੀ ਹੈ? ਜਦੋਂ ਭਾਈ ਲਹਿਣਾ ਜੀ ਕਰਤਾਰਪੁਰ ਚਲੇ ਗਏ, ਜਦੋਂ ਪਿੱਛੋਂ ਮਾਤਾ ਖੀਵੀ ਜੀ ਨੇ ਰੇਸ਼ਮ ਦਾ ਉਹ ਰੁਮਾਲ ਖੋਲ੍ਹਿਆ ਤੇ ਵਿੱਚ ਕੀ ਸੀ? ਲਿਖਿਆ ਹੈ ਕਿ ਕਸ਼ਮੀਰੀ ਕਾਗਜ਼ ਦੀ ਇਹ ਨਿੱਕੀ ਜਿਹੀ ਸੈਂਚੀ ਤੇ ਕੁਝ ਉਸ ਦੇ

ਪੱਤਰੇ, ਉਸ ਤੇ ਸ੍ਰੀ ਗੁਰੂ ਨਾਨਕ ਮਹਾਰਾਜ ਜੀ ਦੀ ਬਾਣੀ ਲਿਖੀ ਹੋਈ ਸੀ। ਇਹ ਪੂਜਣਯੋਗ ਹੈ, ਬਾਣੀ। ਇਹ ਪਾਰ ਉਤਾਰਾ ਕਰੇਗੀ। ਸਾਡੇ ਸਤਿਗੁਰੂ ਜੀ ਦੀ ਬਾਣੀ ਦਾ, ਭਾਈ ਲਹਿਣਾ ਜੀ ਦੇ ਹਿਰਦੇ ਵਿੱਚ ਕਿੰਨਾ ਸਤਿਕਾਰ ਹੈ :

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*

*(ਅੰਗ ੯੮੨)*

ਗੱਲ ਛੋਟੀ ਕਰਦੇ ਹਾਂ। ਧੰਨ ਗੁਰੂ ਨਾਨਕ ਸਾਹਿਬ ਜੀ ਨੇ ਜਦੋਂ ਭਾਈ ਲਹਿਣਾ ਜੀ ਨੂੰ ਆਪਣਾ ਰੂਪ ਬਣਾ ਦਿੱਤਾ, ਗੁਰਗੱਦੀ ਮਿਲ ਗਈ। ਆਪ ਨਮਸਕਾਰ ਕੀਤੀ, ਪਰਕਰਮਾ ਕੀਤੀ ਤੇ ਆਖਿਆ ਕਿ ਹੁਣ ਤੁਸੀਂ ਕਰਤਾਰਪੁਰ ਤੋਂ ਸ੍ਰੀ ਖਡੂਰ ਸਾਹਿਬ ਚਲੇ ਜਾਓ। ਉਹ ਸਮਾਂ ਜਿਹੜਾ ਪਿਛਲੀ ਵਾਰੀ ਸੁਣਿਆ ਹੈ, ਮਾਤਾ ਭਿਰਾਈ ਜੀ ਦੇ ਘਰ ਆਸਣ ਲਗਾਇਆ, ਅੱਗੇ ਬੂਹਾ ਬੰਦ ਕਰਕੇ ਕੰਧ ਕਰ ਦਿਓ। ਬਾਬਾ ਬੁੱਢਾ ਸਾਹਿਬ ਜੀ ਨੇ ਪ੍ਰਗਟ ਕੀਤਾ। ਜਦੋਂ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਪ੍ਰਗਟ ਹੋ ਗਏ, ਮਾਤਾ ਖੀਵੀ ਜੀ, ਉਹ ਵੀ ਚੱਲ ਕੇ ਆਏ, ਦਰਸ਼ਨ ਕਰਨ। ਹੁਣ ਨਜ਼ਾਰਾ ਵੇਖਿਓ, ਇੱਕ- ਡੇਢ ਮਿੰਟ ਦਾ। ਅਨੰਦ ਆਉਂਦਾ ਹੈ। ਮਾਤਾ ਖੀਵੀ ਜੀ ਨੇ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਚਰਨਾਂ ਉੱਤੇ ਮੱਥਾ ਟੇਕਿਆ। ਇਹ ਲਿਖਿਆ ਹੈ ਕਿ ਜਦੋਂ ਮਾਤਾ ਖੀਵੀ ਜੀ ਦਾ ਮੱਥਾ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਚਰਨਾਂ ਨੂੰ ਲੱਗਾ ਤੇ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਮਾਤਾ ਖੀਵੀ ਜੀ ਦੇ ਸਿਰ ਤੇ ਹੱਥ ਰੱਖਿਆ ਤੇ ਮੁੱਖ ਵਿੱਚੋਂ ਕਿਹਾ, ਨਿਹਾਲ। ਕਹਿੰਦੇ, ਉਹ ਛੋਹ ਮਿਲਦਿਆਂ ਹੀ, ਇਧਰੋਂ ਚਰਨਾਂ ਦੀ ਛੋਹ, ਉਧਰੋਂ ਹੱਥ ਦੀ ਛੋਹ, ਉਧਰੋਂ ਰਸਨਾ ਦੀ ਛੋਹ ਮਿਲਦੇ ਹੀ ਮਾਤਾ ਖੀਵੀ ਜੀ ਦੀ ਅਵਸਥਾ ਬਣ ਗਈ, ਜਿਵੇਂ ਪ੍ਰਭੂ ਦੀ ਗੋਦ ਮਿਲ ਗਈ ਹੈ। ਮਾਤਾ ਖੀਵੀ ਜੀ ਕਹਿੰਦੇ, ਜੇ ਆਗਿਆ ਦਿਓ, ਸੰਘਰ ਪਿੰਡ ਜੋ ਮਾਤਾ ਖੀਵੀ ਜੀ ਦਾ ਪੇਕਾ ਪਿੰਡ ਸੀ ਤੇ ਖਡੂਰ ਸਾਹਿਬ ਤੋਂ ਤਿੰਨ ਕੁ ਮੀਲ ਦੂਰ ਸੀ ਉੱਥੋਂ ਰੋਜ਼ ਆ ਕੇ ਦਰਸ਼ਨ ਕਰ ਜਾਇਆ ਕਰਾਂ ਤੇ ਜੇ ਕਹੋ ਤੇ ਖਡੂਰ ਸਾਹਿਬ ਹੀ ਮੈਂ ਨਿਵਾਸ ਰੱਖ ਲਵਾਂ ਤੇ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਕੀ ਜਵਾਬ ਦਿੱਤਾ? ਕਹਿੰਦੇ, ਖੀਵੀ ਜੀ, ਜਦੋਂ ਮੇਰੇ ਦਾਤੇ ਗੁਰੂ ਨਾਨਕ ਮਹਾਰਾਜ ਜੀ ਨੇ ਮੈਨੂੰ ਸ਼ਬਦ ਦਾ ਕੜਛਾ ਬਖਸ਼ਿਆ ਹੈ। ਮੇਰੇ ਅੰਦਰ ਸ਼ਬਦ ਚਲਾਇਆ ਹੈ, ਸ਼ਬਦ ਦਾ ਕੜਛਾ ਬਖਸ਼ਿਆ ਹੈ। ਇੱਕ ਕੜਛੀ ਹੁੰਦੀ ਹੈ ਤੇ ਇੱਕ ਹੁੰਦਾ ਹੈ ਵੱਡਾ ਕੜਛਾ। ਜਦੋਂ ਗੁਰੂ ਨਾਨਕ ਮਹਾਰਾਜ ਜੀ, ਮੇਰੇ ਦਾਤੇ ਨੇ ਮੈਨੂੰ ਸ਼ਬਦ ਦਾ ਕੜਛਾ ਬਖਸ਼ਿਆ ਹੈ, ਉਦੋਂ ਮੇਰੇ ਦਾਤੇ ਨੇ ਤੇਰੇ ਹਿੱਸੇ ਅੰਨ ਤੇ ਦੇਗ ਦਾ ਕੜਛਾ ਵੀ ਬਖਸ਼ਿਆ ਹੈ। ਮਾਤਾ ਖੀਵੀ ਜੀ, ਅੰਨ ਤੇ ਦੇਗ ਦਾ ਕੜਛਾ ਇਹ ਤੁਹਾਨੂੰ ਬਖਸ਼ਿਸ਼ ਹੈ। ਇਹ ਸੁਣ ਕੇ ਮਾਤਾ ਭਿਰਾਈ ਜੀ ਨੂੰ ਚਾਅ ਚੜ੍ਹ ਗਿਆ। ਮਾਤਾ ਭਿਰਾਈ ਜੀ ਦੌੜ ਗਏ ਲੰਗਰ ਵਿੱਚ ਤੇ ਸੱਚੀਂ ਮੁੱਚੀਂ ਕੜਛਾ ਚੁੱਕ ਲਿਆਏ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਦਿੱਤਾ ਤੇ ਮਹਾਰਾਜ ਜੀ ਕਹਿੰਦੇ, ਇਹ ਕੀ ਮਾਤਾ ਭਿਰਾਈ ਜੀ? ਮਾਤਾ ਜੀ ਕਹਿਣ ਲੱਗੇ, ਤੁਹਾਨੂੰ ਗੁਰੂ ਨਾਨਕ ਮਹਾਰਾਜ ਜੀ ਨੇ ਸ਼ਬਦ ਦਾ ਪ੍ਰਤੱਖ ਕੜਛਾ ਬਖਸ਼ਿਆ ਹੈ ਤੇ ਹੁਣ ਤੁਸੀਂ ਫਿਰ ਅੰਨ ਤੇ ਦੇਗ ਦਾ ਕੜਛਾ ਆਪਣੇ ਹੱਥੀਂ ਮਾਤਾ ਖੀਵੀ ਜੀ ਦੀ ਝੋਲੀ ਵਿੱਚ ਪਾ ਦਿਓ। ਇਹ ਕੜਛਾ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਫਿਰ ਆਪ ਮਾਤਾ ਖੀਵੀ ਜੀ ਦੀ ਝੋਲੀ ਪਾਇਆ ਕਿ ਤੁਸੀਂ ਲੰਗਰ ਵਿੱਚ ਸੇਵਾ ਕਰੋ। ਅੰਨ ਤੇ ਦੇਗ ਦਾ ਕੜਛਾ ਮਾਤਾ ਖੀਵੀ ਜੀ ਦੀ ਝੋਲੀ ਵਿੱਚ ਪਾਇਆ ਤੇ ਕਿਹਾ ਅੱਜ ਤੋਂ ਬਾਅਦ ਲੰਗਰ ਦਾ ਸਾਰਾ ਪ੍ਰਬੰਧ ਤੁਸੀਂ ਸੰਭਾਲਣਾ ਹੈ। ਕੈਸਾ ਸਮਾਂ ਹੋਵੇਗਾ। ਕਹਿੰਦੇ, ਮਾਈ ਭਿਰਾਈ ਜੀ ਨੇ ਕੀ ਕੀਤਾ? ਉਹ ਕੜਛਾ ਤੇ ਮਾਤਾ ਖੀਵੀ ਜੀ ਨੂੰ ਲੰਗਰ ਵਿੱਚ ਲੈ ਗਏ। ਲੰਗਰ ਵਿੱਚ ਲਿਜਾ ਕੇ, ਲਿਖਿਆ ਹੈ ਕਿ ਰੰਗੀਨ ਮੰਜੀ ਤੇ ਬਿਠਾਇਆ। ਤੇ ਕੀ ਆਖਿਆ? ਜਿਹੜਾ ਗੁਰੂ ਨਾਨਕ ਮਹਾਰਾਜ ਜੀ ਦੀ ਬਖਸ਼ਿਸ਼ ਦੇ ਖਾਤੇ ਵਿੱਚੋਂ ਤੁਹਾਨੂੰ ਅੰਨ ਤੇ ਦੇਗ ਦਾ ਕੜਛਾ ਪ੍ਰਾਪਤ ਹੋਇਆ ਹੈ, ਖੀਵੀ ਜੀ, ਹੁਣ ਗੁਰੂ ਨਾਨਕ ਸਾਹਿਬ ਦੇ ਘਰ ਵਿੱਚੋਂ ਕੋਈ ਖਾਲੀ ਨਾ ਜਾਵੇ। ਹੁਣ ਮਾਤਾ ਖੀਵੀ ਜੀ ਨੇ ਫਿਰ ਪਰਿਵਾਰ ਵੀ ਸੰਭਾਲਣਾ ਤੇ ਲੰਗਰ ਦੀ ਸੇਵਾ ਸੰਭਾਲ ਵੀ ਆਰੰਭ ਕਰ

ਦਿੱਤੀ। ਮਾਤਾ ਖੀਵੀ ਜੀ ਨੇ ਲੰਗਰ ਵਿੱਚ ਬਹੁਤ ਸੇਵਾ ਕੀਤੀ। ਹੁਣ ਲੰਗਰ ਵਿੱਚ ਘਿਓ ਵਾਲੀ ਖੀਰ ਬਣਦੀ ਸੀ, ਲੰਗਰ ਵਿੱਚ ਤਰ੍ਹਾਂ-ਤਰ੍ਹਾਂ ਦੇ ਪਦਾਰਥ ਬਣਦੇ ਹਨ। ਹੈ ਔਖਾ ਸੁਣਨਾ, ਪਰ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਵਾਸਤੇ ਜੌਆਂ ਦਾ ਮੋਟਾ ਪਰਸ਼ਾਦਾ ਮਾਤਾ ਖੀਵੀ ਜੀ ਪੁੱਤਰਾਂ ਦੀ ਕਿਰਤ ਵਿੱਚੋਂ ਪਕਾ ਕੇ ਲਿਆਂਦੇ ਸੀ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਉਦੋਂ ਲੰਗਰ ਵਿੱਚੋਂ ਨਹੀਂ ਸੀ ਛੱਕਦੇ। ਤੁਸੀਂ ਕਿਸੇ ਗੁਰਦੁਆਰਾ ਸਾਹਿਬ ਗਏ ਹੋ, ਲੰਗਰ ਛੱਕਣਾ ਉੱਥੇ ਅੰਮ੍ਰਿਤ ਹੈ। ਰੁਟੀਨ ਵਿੱਚ ਉੱਥੇ ਡੇਰਾ ਹੀ ਲਗਾ ਕੇ ਬੈਠ ਜਾਈਏ ਕਿ ਰੋਜ਼ ਹੀ ਇੱਥੋਂ ਛਕਣਾ ਹੈ, ਉਹ ਨਹੀਂ। ਫਿਰ ਦੂਜੀ ਗੱਲ ਹੈ। ਸੁਣਦੇ ਹੀ ਹੋ ਤੁਸੀਂ :

*ਧਰਮਸਾਲ ਦੀਆਂ ਰੋਟੀਆਂ ਤੀਨ ਕੰਮ ਕਰੇਨ।*
*ਮਤ ਮਾਰਨ, ਹੱਡ ਗਾਲਣ, ਭਗਤੀ ਨਾ ਕਰਨ ਦੇਣ।*

ਲੰਗਰ ਅੰਮ੍ਰਿਤ ਹੈ। ਜੇ ਰੋਜ਼ ਹੀ ਖਾਣ ਦੀ ਰੂਟੀਨ ਬਣਾ ਲਈਏ, ਫਿਰ ਦੂਜਾ ਰੂਪ ਹੈ। ਇਹ ਇਤਿਹਾਸ ਹੈ। ਸਾਰਾ ਪਰਿਵਾਰ ਪੁੱਤਰਾਂ ਦੀ ਕਿਰਤ ਵਿੱਚੋਂ ਛਕਦੇ ਸੀ। ਲੰਗਰ ਦੀ ਡਿਊਟੀ, ਜੋ ਸੰਗਤਾਂ ਆਈਆਂ ਹਨ, ਕੋਈ ਖਾਲੀ ਨਾ ਜਾਵੇ। ਭਰਪੂਰ ਸੇਵਾ। ਵਿੱਚੋਂ ਟਾਹਣ ਨਿਕਲਦੇ ਹਨ, ਸਮਝਾਉਣ ਲਈ। ਮਾਤਾ ਖੀਵੀ ਜੀ ਨੇ ਉਹ ਕੜਛਾ, ਅੰਨ ਤੇ ਦੇਗ ਦਾ ਇੰਨੀ ਸ਼ਰਧਾ ਨਾਲ ਸੰਭਾਲਿਆ, ਮਾਤਾ ਖੀਵੀ ਜੀ ਦੀ ਉਸ ਸੇਵਾ ਭਾਵਨਾ ਸਦਕੇ ਹੀ ਮਾਤਾ ਜੀ ਦਾ ਨਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਦਰਜ ਹੋ ਗਿਆ :

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*(ਅੰਗ ੯੬੭)*

ਇਹ ਗਿਆਰ੍ਹਾਂ ਬਚਨ ਹਨ ਕੁਝ ਰਾਈਟਰਾਂ ਦੇ ਮਾਤਾ ਖੀਵੀ ਜੀ ਦੇ ਪ੍ਰਥਾਇ ਜਿਨ੍ਹਾਂ ਵਿੱਚੋਂ ਮਾਤਾ ਖੀਵੀ ਜੀ ਦੇ ਗੁਣਾਂ ਦੇ ਦਰਸ਼ਨ ਹੁੰਦੇ ਹਨ। ਮਾਤਾ ਖੀਵੀ ਜੀ ਦਾ ਵੱਡਾ ਗੁਣ ਸੀ, ਉਨ੍ਹਾਂ ਦੇ ਕੋਲ ਜਿਹੜਾ ਬੈਠਦਾ ਸੀ, ਬੀਬੀਓ ਧਿਆਨ ਦੇਣ ਵਾਲੀ ਗੱਲ ਹੈ। ਆਮ ਬੀਬੀਆਂ ਘੋਖਾਂ ਕੱਢਦੀਆਂ ਹਨ, ਫਲਾਣੀ ਗੱਲ ਵਿੱਚ ਕੌਣ ਸੀ? ਉੱਥੇ ਕੀ ਸੀ? ਕੌਣ ਆਇਆ ਸੀ? ਫਿਰ ਦੂਜੇ ਨਾਲ ਗੱਲ ਮੇਲਣਗੀਆਂ। ਮਾਤਾ ਖੀਵੀ ਜੀ ਕੋਲ ਜਿਹੜਾ ਬੈਠਦਾ ਸੀ, ਕੋਈ ਇਹੋ ਜਿਹੀ ਚਰਚਾ ਨਹੀਂ ਸੀ ਕਰਦੇ। ਜਿਹੜਾ ਕੋਲ ਬੈਠਦਾ ਸੀ, ਉਸ ਨਾਲ ਨਾਮ ਦੀ ਵਿਚਾਰ ਹੀ ਹੁੰਦੀ ਸੀ। ਇਹ ਪਹਿਲਾ ਗੁਣ ਲਿਖਿਆ ਹੈ, ਮਾਤਾ ਜੀ ਦਾ। ਬੀਬੀਓ, ਇਹ ਗੁਣ ਘਰ ਵਿੱਚ ਲਿਆਉਣ ਵਾਲਾ ਹੈ। ਸਾਡੇ ਕਿੰਨੇ ਸਵਾਸ ਬਿਰਥੇ ਜਾਂਦੇ ਹਨ। ਜਦੋਂ ਫਾਲਤੂ ਗੱਲਾਂ ਕਿਸੇ ਨੂੰ ਪੁੱਛਦੇ ਹਾਂ ਤੇ ਉਧਰ ਦਿਮਾਗ ਲੱਗਾ ਰਹਿੰਦਾ ਹੈ। ਇਹ ਸਾਰੇ ਕੰਮ ਕਾਂ ਦੀ ਵਿੱਠ ਵਾਂਗ ਜਾਣੋ। ਕੋਈ ਇਸ ਦਾ ਫਾਇਦਾ ਨਹੀਂ। ਮਾਤਾ ਖੀਵੀ ਜੀ ਹਰ ਇੱਕ ਨਾਲ ਨਾਮ ਦੀ ਗੱਲ ਤੇ ਜਿਹੜਾ ਵੀ ਉਨ੍ਹਾਂ ਕੋਲ ਬੈਠਦਾ ਸੀ, ਉਸਨੂੰ ਸ਼ਾਂਤੀ ਮਿਲਦੀ ਸੀ। ਇਹ ਪਹਿਲਾ ਗੁਣ ਲਿਖਿਆ ਹੈ, ਦੂਜਾ ਲਿਖਿਆ ਹੈ, ਮਾਤਾ ਖੀਵੀ ਜੀ ਹਰ ਪੱਖ ਤੋਂ ਸੁਚੇਤ ਰਹਿੰਦੇ ਸੀ। ਤੀਜਾ ਲਿਖਿਆ ਹੈ, ਮਾਤਾ ਖੀਵੀ ਜੀ, ਰੁਝੇਵਿਆਂ ਦੇ ਬਾਵਜੂਦ ਵੀ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸੇਵਾ ਵਿੱਚ ਕੋਈ ਕਮੀ ਨਹੀਂ ਸੀ ਰਹਿਣ ਦਿੰਦੇ। ਲੰਗਰ ਨੂੰ ਵੀ ਸੰਭਾਲਣਾ, ਸਤਿਗੁਰੂ ਜੀ ਦੀ ਸੇਵਾ ਨੂੰ ਵੀ। ਚੌਥਾ ਲਿਖਿਆ ਹੈ, ਮਾਤਾ ਖੀਵੀ ਜੀ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਨਿਤਨੇਮ ਤੇ ਭਗਤੀ ਵਿੱਚ ਕਦੀ ਵਿਘਨ ਨਹੀਂ ਸੀ ਬਣੇ। ਬਹੁਤ ਵੱਡੀ ਗੱਲ ਹੈ। ਪੰਜਵਾਂ ਲਿਖਿਆ ਹੈ, ਮਾਤਾ ਖੀਵੀ ਜੀ, ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਖਾਣ-ਪਾਣ, ਪਹਿਰਾਣ ਦਾ ਆਪ ਧਿਆਨ ਰੱਖਦੇ ਸੀ। ਮੈਂ ਇਨ੍ਹਾਂ ਦੀ ਘਰ ਵਾਲੀ ਹਾਂ। ਇਹ ਮੇਰੀ ਡਿਊਟੀ ਹੈ। ਛੇਵਾਂ ਲਿਖਿਆ ਹੈ, ਗੁਰੂ ਅੰਗਦ ਦੇਵ ਜੀ ਮਹਾਰਾਜ ਮੁੱਖ ਵਿੱਚੋਂ ਕੁਝ ਬਚਨ ਕੱਢਣ ਤੇ ਮਾਤਾ ਖੀਵੀ ਜੀ ਦੀ ਇਹ ਕੋਸ਼ਿਸ਼ ਹੁੰਦੀ ਸੀ ਕਿ ਉਹ ਮੈਂ ਪੂਰਾ ਕਰਾਂ ਤੇ ਪੂਰਾ ਕਰਕੇ ਆਪਣੇ ਧੰਨ ਭਾਗ ਸਮਝਦੇ ਸੀ। ਸੱਤਵਾਂ ਲਿਖਿਆ ਹੈ, ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਸੰਗਤ ਵੱਲੋਂ ਜਿੰਨੀ ਭੇਟਾ ਮਿਲਦੀ ਸੀ, ਮਾਤਾ ਖੀਵੀ ਜੀ, ਉਸ ਭੇਟਾ ਨੂੰ ਆਪਣੇ ਪਰਿਵਾਰ ਨੂੰ ਨਹੀਂ ਸੀ ਲੈਣ ਦਿੰਦੇ। ਬੱਚਿਓ, ਆਪਣੀ ਕਿਰਤ ਵਿੱਚੋਂ ਛੱਕੋ।

ਕਰਿਆਨੇ ਦੀ ਦੁਕਾਨ ਸੀ। ਪਹਿਲਾਂ ਪਿਤਾ ਫੇਰੂ ਮੱਲ ਜੀ, ਫਿਰ ਭਾਈ ਲਹਿਣਾ ਜੀ ਤੇ ਫਿਰ ਪੁੱਤਰ ਦਾਤੂ ਜੀ, ਦਾਸੂ ਜੀ। ਸੰਗਤ ਦੀ ਭੇਟਾ ਨੂੰ ਆਪਣੇ ਪਰਿਵਾਰ ਨੂੰ ਨਹੀਂ ਸੀ ਵਰਤਣ ਦਿੰਦੇ। ਅੱਠਵਾਂ ਜ਼ਿਕਰ ਲਿਖਿਆ ਹੈ, ਘਰੋਂ ਬਿਨ੍ਹਾਂ ਚੋਪੜੀ ਜੌਂ ਦੀ ਮੋਟੀ ਰੋਟੀ ਪਕਾ ਕੇ ਲਿਆਉਣੀ, ਪੁੱਤਰ ਦੀ ਕਿਰਤ ਵਿੱਚੋਂ, ਜਿਹੜੀ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਛਕਾਉਣੀ। ਮਹਾਰਾਜ ਜੀ ਦਾ ਹੁਕਮ ਸੀ, ਇਸ ਤਰ੍ਹਾਂ ਦੀ ਲਿਆਓ। ਇਸ ਵਿੱਚ ਵੀ ਰਾਜ਼ ਹਨ। ਨੌਂਵਾਂ ਜ਼ਿਕਰ ਲਿਖਿਆ ਹੈ, ਪੁੱਤਰਾਂ ਨੂੰ ਹਰ ਵੇਲੇ ਸਮਝਾਉਂਦੇ ਸੀ ਕਿ ਦੁਕਾਨ ਦੀ ਕਿਰਤ ਵਿੱਚੋਂ ਰੋਟੀ ਖਾਣੀ ਹੈ, ਪੂਜਾ ਦਾ ਧਨ ਬੱਚਿਓ, ਤੁਹਾਡੇ ਲਈ ਠੀਕ ਨਹੀਂ ਜ਼ਹਿਰ ਹੈ। ਦਸਵਾਂ ਜ਼ਿਕਰ ਲਿਖਿਆ ਹੈ, ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਆਪਣੀਆਂ ਬੱਚੀਆਂ ਪ੍ਰਤੀ ਆਪਣਾ ਫਰਜ਼ ਨਿਭਾਉਣਾ। ਮਾਤਾ ਖੀਵੀ ਜੀ ਨੇ ਲੰਗਰ ਦੀ ਸੇਵਾ ਵੀ ਕਰਨੀ, ਗੁਰੂ ਅੰਗਦ ਦੇਵ ਜੀ ਦੀ ਸੇਵਾ ਦਾ ਵੀ ਧਿਆਨ ਰੱਖਣਾ ਤੇ ਮਾਤਾ ਖੀਵੀ ਜੀ ਕਿੰਨੇ ਧੰਨ ਹੋਣਗੇ, ਪੁੱਤਰਾਂ ਨੂੰ ਵੀ ਸਿੱਖਿਆ ਦੇਣੀ ਅਤੇ ਆਪਣੀਆਂ ਬੱਚੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ ਨੂੰ ਵੀ ਘਰ ਦੇ ਕੰਮ ਵੀ ਸਿਖਾਉਣੇ ਤੇ ਬਾਣੀ ਵੀ ਕੰਠ ਕਰਵਾਉਣੀ। ਗਿਆਰ੍ਹਵਾਂ ਬਚਨ ਲਿਖਿਆ ਹੈ, ਕਿੰਨੀ ਵੱਡੀ ਗੱਲ ਹੈ। ਗਿਆਰ੍ਹਵੀਂ ਗੱਲ ਲਿਖੀ ਹੈ, ਜਦੋਂ ਗੁਰਗੱਦੀ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਦਿੱਤੀ ਤੇ ਪੁੱਤਰਾਂ ਨੇ ਤੁਹਾਨੂੰ ਪਤਾ ਹੀ ਹੈ, ਥੋੜ੍ਹਾ ਮਹਿਸੂਸ ਕੀਤਾ। ਮਾਤਾ ਖੀਵੀ ਜੀ ਨੇ ਪੁੱਤਰਾਂ ਦਾ ਸਾਥ ਨਹੀਂ ਦਿੱਤਾ। ਵੇਖੋ ਧੰਨ ਹਨ ਸਾਡੇ ਮਾਤਾ ਖੀਵੀ ਜੀ। ਜਦੋਂ ਗੱਦੀ ਦਿੱਤੀ, ਧੰਨ ਗੁਰੂ ਅਮਰਦਾਸ ਜੀ ਮਹਾਰਾਜ ਨੂੰ। ਮਾਤਾ ਖੀਵੀ ਜੀ ਨੇ ਪੁੱਤਰਾਂ ਨੂੰ ਭੜਕਾਇਆ ਨਹੀਂ ਤੇ ਕੀ ਆਖਿਆ? ਬੱਚਿਓ, ਇਹ ਧੰਨ ਗੁਰੂ ਨਾਨਕ ਸਾਹਿਬ ਦੀ ਗੁਰਗੱਦੀ ਉਸ ਕਰਤਾਰ ਦੀ ਗੁਰਗੱਦੀ ਹੈ, ਇਹ ਜਿੰਨੇ ਸੰਭਾਲਣੀ ਹੁੰਦੀ ਹੈ, ਉਹ ਧੁਰੋਂ ਚੱਲ ਕੇ ਹੀ ਆਉਂਦਾ ਹੈ। ਤੁਸੀਂ ਹੈਰਾਨ ਹੋਵੋਗੇ, ਗੁਰੂ ਅੰਗਦ ਸਾਹਿਬ ਜੀ ਮਹਾਰਾਜ ਦੇ ਚੋਲਾ ਬਦਲਣ ਤੋਂ ਬਾਅਦ 30 ਸਾਲ ਮਾਤਾ ਜੀ ਹੋਰ ਸਮਾਂ ਜੀਵਤ ਰਹੇ। ਇੱਥੋਂ ਤੱਕ ਲਿਖਿਆ ਹੈ ਕਿ ਗੁਰੂ ਅਮਰਦਾਸ ਜੀ ਮਹਾਰਾਜ ਦੇ ਦਰਸ਼ਨ ਵੀ ਕੀਤੇ, ਗੁਰੂ ਰਾਮਦਾਸ ਜੀ ਮਹਾਰਾਜ ਦੇ ਲੰਗਰ ਵਿੱਚ ਵੀ ਸੇਵਾ ਤੇ ਫਿਰ ਜਦੋਂ ਮਾਤਾ ਜੀ ਬਹੁਤ ਬਿਰਧ ਹੋ ਗਏ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮਾਤਾ ਖੀਵੀ ਜੀ ਦਾ ਅਖੀਰਲਾ ਵੇਲਾ ਖਡੂਰ ਸਾਹਿਬ ਵਿੱਚ ਆਪ ਸੰਭਾਲਿਆ। ਆਪ ਸਸਕਾਰ ਕੀਤਾ। ਹੁਣ ਇੱਥੇ ਆ ਕੇ ਧੰਨ ਨਿਕਲਦਾ ਹੈ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ, ਇੰਨਾ ਵੱਡਾ ਖਿਆਲ, ਇੰਨੀ ਵੱਡੀ ਸੋਚ ਤੇ ਗੁਰੂ ਨਾਨਕ ਮਹਾਰਾਜ ਕਿਵੇਂ ਨਾ ਕਹਿਣ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਦਾਸ ਨੂੰ ਇੰਞ ਲੱਗਦਾ ਹੈ ਕਿ ਇਹ ਪ੍ਰਕਰਨ ਸਹਿਜ ਸੁਭਾਅ ਹੀ ਸ਼ੁਰੂ ਹੋ ਗਿਆ ਹੈ ਅਤੇ ਟੀ.ਵੀ. ਰਾਹੀਂ ਇਸ ਤਰ੍ਹਾਂ ਵੀ ਬਹੁਤ ਸਾਰੇ ਸੰਸਾਰ ਨੂੰ ਇਕੋ ਜਿਹਾ ਮੈਸੇਜ ਜਾਵੇਗਾ, ਜਿਸ ਮੈਸੇਜ ਨਾਲ ਘਰਾਂ ਦੇ ਕਲੇਸ਼ ਖਤਮ ਹੋਣਗੇ। ਘਰਾਂ ਵਿੱਚ ਭੈਣਾਂ, ਵੀਰਾਂ ਨੂੰ ਗ੍ਰਹਿਸਥੀ ਚਲਾਉਣ ਦੀ ਜਾਚ ਆਵੇਗੀ। ਆਓ, ਧੰਨ ਗੁਰੂ ਨਾਨਕ ਮਹਾਰਾਜ ਦਾ ਮੈਸੇਜ, ਅੱਜ ਤੀਜਾ ਭਾਗ, ਮਾਤਾ ਖੀਵੀ ਜੀ ਦੇ ਜੀਵਨ ਤੇ ਵਿਚਾਰ ਦੀ ਸੇਵਾ ਸਤਿਗੁਰੂ ਜੀ ਨੇ ਲਈ ਹੈ। ਕੋਈ ਵਾਂਝਾ ਨਾ ਰਹੇ ਤੇ ਪ੍ਰੇਰਨਾ ਲੈ ਕੇ ਜਾਣੀ। ਆਓ ਪੜ੍ਹੋ ਪਿਆਰ ਨਾਲ ਜੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਸ ਅੰਕ ਵਿੱਚ "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਭਾਗ ਤੀਜਾ- ਧੰਨ ਧੰਨ ਮਾਤਾ ਖੀਵੀ ਜੀ, ਜਿਨ੍ਹਾਂ ਦਾ ਨਾਮ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵੀ ਆਇਆ, ਸਤਿਗੁਰੂ ਜੀ ਨੇ ਆਪ ਹੀ ਤਰਸ ਕਰਕੇ ਸੇਵਾ ਲਈ। ਅਗਲੇ ਐਡੀਸ਼ਨ ਵਿੱਚ ਚੌਥੇ ਭਾਗ ਧੰਨ ਧੰਨ ਮਾਤਾ ਭਾਨੀ ਜੀ ਦੇ ਸਤਿਕਾਰ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

## ਕਲਮ ਹੋਏ ਸੀਸ ਨੂੰ ਤਲੀ 'ਤੇ ਟਿਕਾਉਣ ਵਾਲੇ

## ਕਲਮ ਅਤੇ ਕਿਰਪਾਨ ਦੇ ਧਨੀ

# ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ

*—ਰਣਜੀਤ ਸਿੰਘ ਰਾਣਾ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਸੰਨ 1711 ਤੋਂ 1757 ਈਸਵੀ ਸੰਨ ਤੱਕ, ਕਰੀਬ ਸਾਢੇ ਚਾਰ ਦਹਾਕਿਆਂ ਦਾ ਸਮਾਂ, ਜਦੋਂ ਹਕੂਮਤ ਵੱਲੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ ਸਨ, ਜਦੋਂ ਸਿੰਘਣੀਆਂ ਕੋਲੋਂ ਸਵਾ-ਸਵਾ ਮਣ ਦੇ ਪੀਸਣੇ ਪਿਸਾਏ ਗਏ ਸਨ, ਜਦੋਂ ਮਾਸੂਮਾਂ ਦੇ ਟੁਕੜੇ-ਟੁਕੜੇ ਕਰਕੇ, ਹਾਰ ਪਰੋ ਕੇ ਮਾਵਾਂ ਦੇ ਗਲ ਵਿੱਚ ਪਾਏ ਗਏ ਸਨ, ਬਾਬਾ ਜੀ ਪੂਰੀ ਤਰ੍ਹਾਂ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਦੇ ਕਾਰਜ ਨੂੰ ਸਮਰਪਿਤ ਰਹੇ। ਜੇ ਉਸ ਸਮੇਂ ਦੇ ਜੁਝਾਰੂ ਸਿੰਘਾਂ ਦੀ ਬਿਰਤੀ ਵੀ ਅੱਜ ਵਰਗੀ ਹੁੰਦੀ ਤਾਂ ਸ਼ਾਇਦ ਬਾਬਾ ਜੀ ਨੂੰ ਉਨ੍ਹਾਂ ਦੇ ਰੋਹ ਦਾ ਸ਼ਿਕਾਰ ਹੋਣਾ ਪੈਂਦਾ, ਪਰ ਉਸ ਸਮੇਂ ਦੇ ਜੰਗਜੂ ਸਿੰਘ ਜਾਣਦੇ ਸਨ ਕਿ ਮੀਰ ਮੰਨੂੰ ਦੇ ਵੱਢੇ 'ਸੋਏ' ਜੇ ਦਿਨਾਂ ਵਿੱਚ ਦੂਣ-ਸਵਾਏ ਹੋ ਰਹੇ ਹਨ ਤਾਂ ਇਸ ਪਿੱਛੇ ਸਿੱਖੀ ਦੇ ਪ੍ਰਚਾਰ ਦੀ ਸੁਚੱਜੀ ਵਿਉਂਤਬੰਦੀ ਹੀ ਕੰਮ ਕਰ ਰਹੀ ਹੈ। ਇਸੇ ਹੀ ਸਮੇਂ, ਛੋਟੇ ਘੱਲੂਘਾਰੇ ਤੋਂ ਬਾਅਦ, ਸੰਨ 1748 ਵਿੱਚ ਵਿਸਾਖੀ ਦੇ ਮੌਕੇ ਖਾਲਸਾ ਪੰਥ ਦੇ ਜੱਥਿਆਂ ਨੂੰ ਮਿਸਲਾਂ ਦੀ ਤਰਤੀਬ ਦਿੱਤੀ ਗਈ ਅਤੇ ਸਰਬੱਤ ਖਾਲਸਾ ਦੇ ਗੁਰਮਤੇ ਅਨੁਸਾਰ ਬਾਬਾ ਜੀ ਦੀ ਸੇਵਾ-ਘਾਲਣਾ ਦੇਖਦਿਆਂ ਉਨ੍ਹਾਂ ਦੇ ਸ਼ਹੀਦੀ ਜੱਥੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਗੀ ਦੇ ਕੇ 'ਸ਼ਹੀਦ ਮਿਸਲ' ਦਾ ਨਾਂ ਦਿੱਤਾ ਗਿਆ।

ਸੰਨ 1756 ਦੇ ਨਵੰਬਰ ਵਿੱਚ ਦਿੱਲੀ ਦੀ ਹੁਕਮਰਾਨ ਮੁਗਲਾਨੀ ਬੇਗਮ ਦੇ ਸੱਦੇ 'ਤੇ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ 'ਤੇ ਚੌਥਾ ਹਮਲਾ ਕੀਤਾ। ਭੂਤਰੇ ਸਾਨ੍ਹ ਵਾਂਗ ਲਾਹੌਰ ਅਤੇ ਸਰਹਿੰਦ ਨੂੰ ਲਤਾੜਦਾ, ਉਹ ਦਿੱਲੀ ਪੁੱਜਾ ਅਤੇ ਜੇਤੂ ਜਰਨੈਲ ਦੇ ਰੂਪ ਵਿੱਚ 28 ਜਨਵਰੀ 1757 ਨੂੰ ਲਾਲ ਕਿਲ੍ਹੇ ਵਿੱਚ ਦਾਖਲ ਹੋਇਆ। ਇਸ ਸਮੇਂ ਅਬਦਾਲੀ ਦੇ ਸਿਪਾਹੀਆਂ ਨੇ ਦਿੱਲੀ ਦੇ ਰਜਵਾੜਿਆਂ, ਨਵਾਬਾਂ ਅਤੇ ਅਮੀਰਾਂ ਦੇ ਘਰਾਂ ਵਿੱਚ ਕੋਈ ਸੁੰਦਰ ਅਤੇ ਕੀਮਤੀ ਚੀਜ਼ ਨਾ ਰਹਿਣ ਦਿੱਤੀ। ਅਬਦਾਲੀ ਦੇ ਸੈਨਾਪਤੀ ਜਹਾਨ ਖਾਨ ਨੇ ਉਚੇਚੇ ਤੌਰ 'ਤੇ ਮਥਰਾ ਦੇ ਮੰਦਰਾਂ ਦੀ ਲੁੱਟ ਕੀਤੀ। ਲੁੱਟ ਦਾ ਮਾਲ ਕਾਬਲ ਵੱਲ ਢੋਹਣ ਲਈ 28000 ਢੱਗਿਆਂ ਅਤੇ 80000 ਘੋੜਿਆਂ ਦੀ ਵਰਤੋਂ ਕੀਤੀ ਗਈ। ਪੰਜਾਬ ਵਿੱਚੋਂ ਵਾਪਸੀ ਦੇ ਲਾਂਘੇ ਸਮੇਂ ਖਾਲਸੇ ਨੇ ਅਬਦਾਲੀ ਦਾ ਭਾਰ ਹੌਲਾ ਕਰਨ ਲਈ ਹੱਲੇ ਬੋਲਣੇ ਸ਼ੁਰੂ ਕਰ ਦਿੱਤੇ। ਦਿੱਲੀ ਨੂੰ ਪੈਰ ਦਾ ਅੰਗੂਠਾ ਚੁੰਘਾ ਕੇ ਆਇਆ ਹੰਕਾਰਿਆ ਅਬਦਾਲੀ, ਸਿੰਘਾਂ ਦੇ ਹਮਲਿਆਂ ਨਾਲ ਪੂਰੀ ਤਰ੍ਹਾਂ ਬੌਂਦਲ ਗਿਆ। ਉਸ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਪੰਜਾਬ ਦਾ ਸੂਬੇਦਾਰ ਥਾਪ ਕੇ ਅਤੇ ਜਹਾਨ ਖਾਨ ਨੂੰ ਉਸ ਦਾ ਸੈਨਾਪਤੀ ਬਣਾ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਹੁਕਮ ਦਿੱਤਾ।

ਸੈਨਾਪਤੀ ਜਹਾਨ ਖਾਨ ਅਤੇ ਜਲੰਧਰ ਦੇ ਫੌਜਦਾਰ ਨਾਸਰ ਅਲੀ ਨੇ ਪਹਿਲੇ ਹੱਲੇ ਹੀ ਗੁਰਦੁਆਰਾ ਥੰਮ੍ਹ ਸਾਹਿਬ ਕਰਤਾਰਪੁਰ ਨੂੰ ਸਾੜ ਦਿੱਤਾ। ਸੋਢੀ ਵਡਭਾਗ ਸਿੰਘ ਤੁਰਕ ਫੌਜਾਂ ਨੂੰ ਚਕਮਾ ਦੇ ਕੇ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਹਰਨ ਹੋ ਗਿਆ। ਤੁਰਕਾਂ ਦਾ ਟਿੱਡੀ ਦਲ ਇੱਥੋਂ ਤੁਰ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾਵਰ ਹੋਇਆ।

ਜਹਾਨ ਖਾਨ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਢਹਿ-ਢੇਰੀ ਕਰ ਦਿੱਤਾ। ਚੁਗਿਰਦੇ ਦੇ ਮਕਾਨ ਗਿਰਾ ਕੇ ਅੰਮ੍ਰਿਤ ਸਰੋਵਰ ਨੂੰ ਪੂਰ ਦਿੱਤਾ ਗਿਆ। ਅੰਮ੍ਰਿਤਸਰ ਵਿੱਚ ਸਖਤ ਫੌਜੀ ਪਹਿਰਾ ਲਾ ਕੇ ਸੈਨਾਪਤੀ ਜਹਾਨ ਖਾਨ ਵਾਪਸ ਲਾਹੌਰ ਪਰਤ ਗਿਆ।

ਬਾਬਾ ਦੀਪ ਸਿੰਘ ਜੀ ਦੀ ਸਰੀਰਕ ਆਯੂ ਇਸ ਸਮੇਂ 75 ਵਰ੍ਹੇ ਦੀ ਸੀ। 45 ਵਰ੍ਹਿਆਂ ਦੀ ਅਣਥੱਕ ਘਾਲਣਾ ਨਾਲ ਸਿੱਖੀ ਦੇ ਪ੍ਰਚਾਰ ਦਾ ਬਾਨਣੂ ਉਨ੍ਹਾਂ ਨੇ ਪੱਕੇ ਪੈਰੀਂ ਬੰਨ ਦਿੱਤਾ ਸੀ। ਉਨ੍ਹਾਂ ਵੱਲੋਂ ਸ੍ਰੀ ਦਮਦਮਾ ਸਾਹਿਬ ਤੋਂ ਤੋਰੀ ਪ੍ਰਚਾਰ ਦੀ ਇਹ ਪਿਰਤ ਟਕਸਾਲੀ ਰੂਪ ਵਿੱਚ ਹੁਣ ਪੀੜ੍ਹੀ-ਦਰ-ਪੀੜ੍ਹੀ ਚੱਲਣ ਦੇ ਸਮੱਰਥ ਹੋ ਚੁੱਕੀ ਸੀ। ਸੋ, ਹੁਣ ਸਹੀ ਅਰਥਾਂ ਵਿੱਚ ਤਲੀ ’ਤੇ ਸਿਰ ਧਰ ਕੇ, ਜੰਗ ਦੇ ਮੈਦਾਨ ਵਿੱਚ ਨਿਤਰਣ ਦਾ ਵੇਲਾ ਸੀ। ਹੁਣ ਐਸੀ ਹੋਇ ਪਰੀ ਸੀ ਕਿ ਹਰਿ ਕੈ ਦੁਆਰ ਸੀਸ ਦਾ ਸਿੱਜਦਾ ਕਰਨ ਦਾ ਮੌਕਾ ਆ ਢੁੱਕਿਆ ਸੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੁਤੰਤਰਤਾ ਲਈ ਬਾਬਾ ਜੀ ਦੇ ਪ੍ਰਣ ਨੂੰ ‘ਪੰਥ ਪ੍ਰਕਾਸ਼’ ਨੇ ਇਉਂ ਅੰਕਿਤ ਕੀਤਾ ਹੈ:

*ਸੀਸ ਸੁਧਾਸਰ ਹੇਤ ਕਰ, ਦੇਵੇਂਗੇ ਹਮ ਜਾਇ।*
*ਕਰ ਅਰਦਾਸ ਟੁਰ ਪਏ, ਸਿੰਘ ਜੀ ਫਤਹਿ ਗਜਾਇ।*

ਬਾਬਾ ਦੀਪ ਸਿੰਘ ਜੀ ਦੀ ਵੰਗਾਰ ਸੁਣ ਕੇ ਸ਼ਹੀਦੀ ਖੁਮਾਰੀਆਂ ਦਾ ਚਾਅ ਚਾਰੇ ਪਾਸੇ ਉਮੜ ਪਿਆ। ਸ੍ਰੀ ਦਮਦਮਾ ਸਾਹਿਬ ਤੋਂ ਕਰੀਬ ਪੰਜ ਸੌ ਸਿੰਘਾਂ ਦੇ ਸ਼ਹੀਦੀ ਜੱਥੇ ਨਾਲ ਬਾਬਾ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਚਾਲੇ ਪਾਏ ਸਨ। ਹਰੀਕੇ ਪੱਤਣ ਤੱਕ ਪੁੱਜਦਿਆਂ ਸਿਰਲੱਥ ਸੂਰਬੀਰ ਸ਼ਹੀਦੀ ਸਿੰਘਾਂ ਦੇ ਜੱਥੇ ਦੀ ਗਿਣਤੀ ਪੰਜ ਹਜ਼ਾਰ ਤੱਕ ਪੁੱਜ ਗਈ। ਤਰਨ ਤਾਰਨ ਸਾਹਿਬ ਤੱਕ ਪਹੁੰਚਦਿਆਂ ਹੋਰ ਬੇਸ਼ੁਮਾਰ ਸਿੰਘ ਸ਼ਹੀਦੀ ਦੇ ਚਾਅ ਵਿੱਚ, ਉਨ੍ਹਾਂ ਦੀ ਅਗਵਾਈ ਹੇਠ ਲਾਮਬੰਦ ਹੋ ਗਏ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਇਸ ਸ਼ਹੀਦੀ ਜੱਥੇ ਦੀ ‘ਅਣਖੀਲੀ ਲਲਕਾਰ’ ਨੂੰ ਮੈਂ ਵਰ੍ਹਿਆਂ ਪਹਿਲਾਂ ਇੱਕ ਗੀਤ ਵਿੱਚ ਉਲੀਕਣ ਦਾ ਯਤਨ ਕੀਤਾ ਸੀ। ਉਹ ਗੀਤ ਆਪ ਸਭ ਦੇ ਸਨਮੁਖ ਹੈ ਜੀ:

*ਬਾਬਾ ਦੀਪ ਸਿੰਘ ਮਾਰੇ ਲਲਕਾਰਾ,*
*ਕੌਣ ਸਾਡਾ ਰਾਹ ਡੱਕ ਲਊ।*
*ਸਾਨੂੰ ਜਾਨ ਤੋਂ ਹਰਿਮੰਦਰ ਪਿਆਰਾ,*
*ਕੌਣ ਸਾਡਾ ਰਾਹ ਡੱਕ ਲਊ।*
*ਅੰਮ੍ਰਿਤ ਸਰੋਵਰ ਵਿਚ ਕਰਕੇ ਇਸ਼ਨਾਨ ਸਿੰਘੋ !*
*ਲੱਖਾਂ ਹੀ ਜਨਮਾਂ ਦੇ ਰੋਗ ਮਿਟ ਜਾਣ ਸਿੰਘੋ !*
*ਸਾਡੀ ਜਿੰਦ ਸਾਡੇ ਗੁਰੂ ਦਾ ਦੁਆਰਾ,*
*ਕੌਣ ਸਾਡਾ ਰਾਹ ਡੱਕ ਲਊ।*
*ਸਾਨੂੰ ਜਾਨ ਤੋਂ ਹਰਿਮੰਦਰ ਪਿਆਰਾ,*
*ਕੌਣ ਸਾਡਾ ਰਾਹ ਡੱਕ ਲਊ।*
*ਕਦੇ ਕਦੇ ਜੁੜਦੇ ਨੇ ਸੋਹਣੇ ਇਉਂ ਬਹਾਨੇ ਸਿੰਘੋ !*
*ਗੁੱਟਾਂ ’ਤੇ ਬੰਨ ਲਓ ਸ਼ਹੀਦੀ ਵਾਲੇ ਗਾਨੇ ਸਿੰਘੋ !*
*ਠਾਰਾਂ ਸੇਰੀ ਸਾਡਾ ਖੰਡਾ ਐ ਦੋਧਾਰਾ,*
*ਕੌਣ ਸਾਡਾ ਰਾਹ ਡੱਕ ਲਊ।*
*ਸਾਨੂੰ ਜਾਨ ਤੋਂ ਹਰਿਮੰਦਰ ਪਿਆਰਾ,*
*ਕੌਣ ਸਾਡਾ ਰਾਹ ਡੱਕ ਲਊ।*
*ਪੁੱਤ ਅਬਦਾਲੀ ਦੇ ਨੂੰ ਮਜ਼ਾ ਇਉਂ ਚਖਾਵਾਂਗੇ !*
*ਨੱਕ ਨਾਲ ਜ਼ਾਲਮਾਂ ਨੂੰ ਚਨੇ ਇਉਂ ਚਬਾਵਾਂਗੇ !*
*ਵੈਰੀ ਅੱਖ ਕੋਈ ਤੱਕੂ ਨਾ ਦੁਬਾਰਾ,*
*ਕੌਣ ਸਾਡਾ ਰਾਹ ਡੱਕ ਲਊ।*
*ਸਾਨੂੰ ਜਾਨ ਤੋਂ ਹਰਿਮੰਦਰ ਪਿਆਰਾ,*
*ਕੌਣ ਸਾਡਾ ਰਾਹ ਡੱਕ ਲਊ।*
*‘ਰਾਣੇ’ ਦੇ ਲਫਜ਼ਾਂ ਵਿੱਚ ਗੱਲ ਇੱਕ ਕਹਿਣੀ ਐ !*
*ਜ਼ਿੰਦਗੀ ਦੋ ਚਾਰ ਦਿਨ ਸਦਾ ਨਹੀਂ ਰਹਿਣੀ ਐ !*
*ਸੱਚਖੰਡ ਦਾ ਲੈਣਾ ਐ ਨਜ਼ਾਰਾ,*
*ਕੌਣ ਸਾਡਾ ਰਾਹ ਡੱਕ ਲਊ।*

*ਸਾਨੂੰ ਜਾਨ ਤੋਂ ਹਰਿਮੰਦਰ ਪਿਆਰਾ,*
*ਕੌਣ ਸਾਡਾ ਰਾਹ ਡੱਕ ਲਊ।*

ਸ਼ਹੀਦੀ ਜੱਥੇ ਦੇ ਆਗਮਨ ਦੀ ਸੂਹ ਮਿਲਣ 'ਤੇ ਅਹਿਮਦ ਸ਼ਾਹ ਅਬਦਾਲੀ ਦੇ ਮੁੱਖ ਸੈਨਾਪਤੀ ਜਹਾਨ ਖਾਨ ਨੇ ਵੀਹ ਹਜ਼ਾਰ ਫੌਜ ਨਾਲ ਲਾਹੌਰ ਤੋਂ ਅੰਮ੍ਰਿਤਸਰ ਵੱਲ ਕੂਚ ਕੀਤਾ ਅਤੇ ਮਾਝੇ-ਦੁਆਬੇ ਵਿੱਚ ਹਰਲ-ਹਰਲ ਕਰਦੇ ਆਪਣੇ ਸਾਰੇ ਫੌਜਦਾਰਾਂ ਨੂੰ ਤੁਰੰਤ ਸ੍ਰੀ ਅੰਮ੍ਰਿਤਸਰ ਵੱਲ ਮੁੜਣ ਦੇ ਪੈਗਾਮ ਭੇਜੇ।

ਸ੍ਰੀ ਅੰਮ੍ਰਿਤਸਰ ਤੋਂ ਪੰਜ ਕੁ ਮੀਲ ਦੀ ਵਿੱਥ 'ਤੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਜੱਥੇ ਦਾ ਟਾਕਰਾ ਅਬਦਾਲੀ ਦੇ ਸੈਨਾਪਤੀ ਜਹਾਨ ਖਾਨ, ਹਾਜ਼ੀ ਅਤਈ ਖਾਨ, ਜਰਨੈਲ ਯਕੂਬ ਖਾਨ ਅਤੇ ਜਰਨੈਲ ਅਮਾਨ ਖਾਨ ਦੀਆਂ ਸਾਂਝੀਆਂ ਫੌਜਾਂ ਨਾਲ ਹੋਇਆ। ਯਕੂਬ ਖਾਨ ਜਦੋਂ ਦੁਵੱਲੀ ਲੜਾਈ ਵਿੱਚ ਬਾਬਾ ਜੀ ਦੇ ਹੱਥੋਂ ਮਾਰਿਆ ਗਿਆ ਤਾਂ ਜਹਾਨ ਖਾਨ ਯੁੱਧ ਲਈ ਤਿਆਰ ਹੋ ਗਿਆ। ਬੜਾ ਗਹਿਗੱਚ ਮੁਕਾਬਲਾ ਸੀ। ਦੋਵਾਂ ਪਾਸਿਓਂ ਤੋਂ ਬਰਾਬਰ ਦੀ ਫੁਰਤੀ ਨਾਲ ਹਥਿਆਰ ਚੱਲ ਰਹੇ ਸਨ, ਪੈਂਤੜੇ ਪੁੱਟੇ ਜਾ ਰਹੇ ਸਨ ਅਤੇ ਜੰਗਜੂ ਦਾਅ-ਪੇਚ ਖੇਡੇ ਜਾ ਰਹੇ ਸਨ। ਬਾਬਾ ਦੀਪ ਸਿੰਘ ਜੀ ਅਤੇ ਜਰਨੈਲ ਜਹਾਨ ਖਾਨ ਦੀ ਬਰਾਬਰੀ ਵਾਲੀ ਟੱਕਰ ਦਾ ਜ਼ਿਕਰ ਕਰਦਿਆਂ ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ :

*ਚਲੀ ਤੇਗ ਅਤਿ ਬੇਗ ਸੈਂ,*
*ਦੋਹੂ ਕੇਰ ਬਲ ਧਾਰ।*
*ਉਤਰ ਗਏ ਸਿਰ ਦੋਹਾਂ ਕੇ,*
*ਪਰਸਪਰੇ ਇੱਕ ਸਾਰ।*

ਅਜੇ ਬਾਬਾ ਜੀ ਦੇ ਕਦਮ ਲੜਖੜਾਏ ਹੀ ਸਨ ਕਿ 'ਪੰਥ ਪ੍ਰਕਾਸ਼' ਦੀ ਗਵਾਹੀ ਅਨੁਸਾਰ ਇੱਕ ਸਿੰਘ ਨੇ ਆਖਿਆ :

*ਪ੍ਰਣ ਤੁਮ੍ਹਾਰਾ ਦੀਪ ਸਿੰਘ ਰਹਯੋ।*

ਇਹ ਆਵਾਜ਼ਾ ਸੁਣਦਿਆਂ ਹੀ ਬਾਬਾ ਜੀ ਦਾ ਸਰੀਰ ਸੰਭਲ ਗਿਆ। ਸਿਰ ਤਲੀ 'ਤੇ ਟਿਕ ਗਿਆ। 'ਪੰਥ ਪ੍ਰਕਾਸ਼' ਦਾ ਕਥਨ ਹੈ:

*ਸੁਣ ਸਿੰਘ ਜੀ ਨਿਜ ਪ੍ਰਾਣ ਸੰਭਾਰਾ।*
*ਨਿਜ ਸਿਰ ਬਾਮ-ਹਾਥ ਨਿਜ ਧਾਰਾ।*
*ਦਹਿਨੇ ਹਾਥ ਤੇਗ ਖਰ ਧਾਰਾ।*
*ਵਜ਼ਨ ਜਾਹਿ ਥਾ ਸੇਰ ਅਠਾਰਾ।*
*ਲਰਤ ਕਬੰਧ ਤੁਰਕ ਗਨ ਸੰਗੈ।*
*ਓਰ ਸੁਧਾਸਰ ਚਲਿਓਂ ਨਿਸੰਗੈ।*
*ਗਰਜਤ ਤਰਜਤ ਤਨ ਘਨ ਨਯਾਈ।*
*ਤੁਰਕ ਚਲੇ ਭਗ ਡਰਿ ਅਗਵਾਈ।*

ਇਸੇ ਰੂਪ ਵਿੱਚ ਲੜਦੇ-ਲੜਦੇ ਸ਼ਹੀਦ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਾਵਨ ਪਰਕਰਮਾ ਵਿੱਚ ਜਾ ਪੁੱਜੇ। ਪ੍ਰਕਰਮਾ ਵਿੱਚ ਜਿੱਥੇ ਉਨ੍ਹਾਂ ਨੇ ਚੋਲਾ ਤਿਆਗਿਆ, ਉੱਥੇ ਅੱਜ ਬਾਬਾ ਜੀ ਦੀ ਯਾਦ ਵਿੱਚ 'ਸਮਾਧੀ ਅਸਥਾਨ' ਸੁਸ਼ੋਭਿਤ ਹੈ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਦੁੱਤੀ ਸ਼ਹਾਦਤ ਬਾਬਤ ਸੁਣ ਕੇ ਖਾਲਸਾ ਜੀ ਦੇ ਜੰਗਜੂ ਜੱਥੇ ਮੰਜ਼ਲਾਂ ਮਾਰਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚੇ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਖਾਲਸੇ ਦਾ ਇੱਕ ਬਹੁਤ ਵੱਡਾ ਇਕੱਠ ਜੁੜ ਗਿਆ। ਸਾਰਿਆਂ ਨੇ ਇਕਸੁਰ ਹੋ ਕੇ ਬਾਬਾ ਜੀ ਦੀ ਘਾਲ-ਕਮਾਈ ਨੂੰ 'ਧੰਨ ਧੰਨ' ਆਖਦਿਆਂ ਸਮੁੱਚੇ ਪੰਜਾਬ ਨੂੰ ਖਾਲਸੇ ਦੀ 'ਰਾਖੀ' ਵਿੱਚ ਲੈਣ ਦਾ ਐਲਾਨ ਕਰ ਦਿੱਤਾ। 'ਪੰਥ ਪ੍ਰਕਾਸ਼' ਦਾ ਵਰਣਨ ਹੈ :

*ਇਹ ਸੁਨ ਪੰਥ ਖਾਲਸਾ ਆਯੋ।*
*ਦਿਸ਼ ਚਾਰਨ ਤੈ ਕਠ ਬਡ ਥਾਯੋ।*
*ਦੀਪ ਸਿੰਘ ਕੀ ਗਾਥਾ ਸੁਨ ਸੁਨ।*
*ਧੰਨਯ ਧੰਨਯ ਸਭ ਕੈਹੇਂ ਪੁਨ ਪੁਨ।*

ਬਾਬਾ ਜੀ ਦੀ ਅਦੁੱਤੀ ਸ਼ਹਾਦਤ ਨੂੰ ਡੰਡਉਤ ਕਰਨ ਲਈ ਖਾਲਸਾ ਪੰਥ ਵੱਲੋਂ ਗੁਰਦੁਆਰਾ ਸ੍ਰੀ

ਰਾਮਸਰ ਸਾਹਿਬ ਜੀ ਦੇ ਨਜ਼ਦੀਕ, ਚਾਟੀਵਿੰਡ ਗੇਟ ਵਾਲੇ ਪਾਸੇ 'ਯਾਦਗਾਰੀ ਸ਼ਹੀਦੀ ਅਸਥਾਨ' ਗੁ: ਸ਼ਹੀਦ ਗੰਜ ਸਾਹਿਬ ਉਸਾਰਿਆ ਗਿਆ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਅਗੰਮੀ ਸ਼ਹਾਦਤ ਨਾਲ ਪੈਦਾ ਹੋਏ ਰੋਹ ਅਤੇ ਵਿਦਰੋਹ ਵਿੱਚੋਂ ਉਭਰੀ ਲੋਕ-ਜਾਗ੍ਰਿਤੀ ਨੇ ਖਾਲਸਈ ਮਿਸਲਾਂ ਦੇ ਰੂਪ ਵਿੱਚ ਤੁਰਕਾਂ ਅਥਵਾ ਮੁਗਲਾਂ ਨੂੰ ਭਾਂਜ ਦੇ ਕੇ 'ਹੰਨੈ ਹੰਨੈ ਮੀਰੀ' ਦੇ ਦੌਰ ਦੀ ਸ਼ੁਰੂਆਤ ਕੀਤੀ। ਖਾਲਸਾ ਪੰਥ ਦੀ ਚੜ੍ਹਤ ਨਾਲ ਸਿੱਖੀ ਦੀ ਸ਼ਾਨ ਕਾਇਮ ਹੋਈ। ਧੰਨ ਬਾਬਾ ਦੀਪ ਸਿੰਘ ਜੀ ਨੇ, ਆਪਣੇ ਹੱਥੀਂ ਆਪਣੇ ਗੁੱਟ 'ਤੇ ਬੰਨ੍ਹੇ ਸ਼ਹੀਦੀ ਗਾਨੇ ਨਾਲ, ਸਿਰਾਂ ਦਾ ਮੁੱਲ ਹੰਢਾਉਣ ਵਾਲੀ ਕੌਮ ਦੇ ਸਿਰ 'ਤੇ, ਰਾਜਸੀ ਸ਼ਾਨ ਅਤੇ ਕੌਮੀ ਆਨ ਦਾ ਪ੍ਰਤੀਕ ਤਾਜ ਟਿਕਾ ਦਿੱਤਾ। ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਇਸ ਅਦੁੱਤੀ ਦੇਣ ਨਾਲ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਦਾ ਇੱਕ ਗੀਤ ਮੇਰੀ ਕਲਮ ਤੋਂ ਹਾਜ਼ਰ ਹੈ:

*ਗੁੱਟ ਬੰਨ੍ਹ ਕੇ ਸ਼ਹੀਦੀ ਵਾਲਾ ਗਾਨਾ,*
*ਧੰਨ ਬਾਬਾ ਦੀਪ ਸਿੰਘ ਜੀ।*
*ਕਾਇਮ ਕੀਤੀਆਂ ਸਿੱਖੀ ਦੀਆਂ ਸ਼ਾਨਾਂ,*
*ਧੰਨ ਬਾਬਾ ਦੀਪ ਸਿੰਘ ਜੀ।*
*ਖਿੱਚ ਕੇ ਲਕੀਰ ਉਸ ਸਿੰਘ ਕਾਇਮ ਕਰ ਲਏ,*
*ਨੇਜ਼ੇ ਭਾਲੇ ਤਿੱਖੇ ਕਰ ਮੋਢਿਆਂ 'ਤੇ ਧਰ ਲਏ,*
*ਨਹੀਂ ਕੀਤੀਆਂ ਪਿਆਰੀਆਂ ਜਾਨਾਂ,*
*ਧੰਨ ਬਾਬਾ ਦੀਪ ਸਿੰਘ ਜੀ।*
*ਕਾਇਮ ਕੀਤੀਆਂ ਸਿੱਖੀ ਦੀਆਂ ਸ਼ਾਨਾਂ,*
*ਧੰਨ ਬਾਬਾ ਦੀਪ ਸਿੰਘ ਜੀ।*
*ਰਣ ਵਿੱਚ ਲੱਖਾਂ ਨਾਲ 'ਕੱਲਾ ਟਕਰਾ ਗਿਆ,*
*ਅੜਿਆ ਸੋ ਝੜਿਆ ਦਾ ਬੋਲ ਉਹ ਪੁਗਾ ਗਿਆ,*
*ਜਾਨਾਂ ਭੱਜ ਕੇ ਬਚਾਈਆਂ ਖੱਬੀ ਖਾਨਾਂ,*
*ਧੰਨ ਬਾਬਾ ਦੀਪ ਸਿੰਘ ਜੀ।*
*ਕਾਇਮ ਕੀਤੀਆਂ ਸਿੱਖੀ ਦੀਆਂ ਸ਼ਾਨਾਂ,*
*ਧੰਨ ਬਾਬਾ ਦੀਪ ਸਿੰਘ ਜੀ।*
*ਭਗਤੀ 'ਚ ਸ਼ਕਤੀ ਦਾ ਜਲਵਾ ਦਿਖਾਇਆ ਉਸ,*
*ਲੱਥਾ ਹੋਇਆ ਸੀਸ ਜਦੋਂ ਤਲੀ 'ਤੇ ਟਿਕਾਇਆ ਉਸ,*
*ਜ਼ਾਬਰ ਤੀਰ ਹੋ ਗਏ ਸੁੱਟ ਕੇ ਕਮਾਨਾਂ,*
*ਧੰਨ ਬਾਬਾ ਦੀਪ ਸਿੰਘ ਜੀ।*
*ਕਾਇਮ ਕੀਤੀਆਂ ਸਿੱਖੀ ਦੀਆਂ ਸ਼ਾਨਾਂ,*
*ਧੰਨ ਬਾਬਾ ਦੀਪ ਸਿੰਘ ਜੀ।*
*ਹਰਿਮੰਦਰ 'ਚ ਆ ਕੇ ਫਿਰ ਜੁੜੀਆਂ ਨੇ ਸੰਗਤਾਂ,*
*ਸੰਗਤਾਂ ਦੇ ਚਿਹਰਿਆਂ ਤੇ ਖਿੜੀਆਂ ਨੇ ਰੰਗਤਾਂ,*
*ਤੇਰੇ ਨਾਮ ਵਿੱਚ ਰੰਗ ਹੋਇਆ 'ਰਾਣਾ',*
*ਧੰਨ ਬਾਬਾ ਦੀਪ ਸਿੰਘ ਜੀ।*
*ਕਾਇਮ ਕੀਤੀਆਂ ਸਿੱਖੀ ਦੀਆਂ ਸ਼ਾਨਾਂ,*
*ਧੰਨ ਬਾਬਾ ਦੀਪ ਸਿੰਘ ਜੀ।*

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸਮੁੱਚਾ ਜੀਵਨ ਅਤੇ ਅਦੁੱਤੀ ਸ਼ਹਾਦਤ, ਗੁਰਮਤਿ ਦੇ ਪ੍ਰਚਾਰ ਅਤੇ ਗੁਰਸਿੱਖੀ ਦੇ ਪ੍ਰਸਾਰ ਨੂੰ ਸਮਰਪਿਤ ਹੈ। ਉਨ੍ਹਾਂ ਨੇ ਤਲਵਾਰ ਦੇ ਯੁੱਗ ਵਿੱਚ ਕਲਮ ਦੀ ਮਹੱਤਤਾ ਨੂੰ ਜਿਵੇਂ ਮਹਿਸੂਸਿਆ ਅਤੇ ਕਿਰਪਾਨ ਦੇ ਨਾਲ-ਨਾਲ ਜਿਵੇਂ ਕਲਮ ਨੂੰ ਵਰਤਿਆ, ਉਹ ਅੱਜ ਦੇ ਸਮੇਂ ਵਿੱਚ ਬੜਾ ਸੇਧਦਾਇਕ ਹੈ।

ਕਲਮ ਹੋਏ ਸਿਰ ਨੂੰ ਤਲੀ 'ਤੇ ਟਿਕਾਉਣ ਦੀ ਸਮਰੱਥਾ ਰੱਖਣ ਵਾਲੀ ਕੌਮ, ਜੇ ਕਲਮ ਦੀ ਕਰਾਮਾਤ ਨੂੰ ਆਪਣੇ ਕੌਮੀ ਜੀਵਨ ਦਾ ਹਿੱਸਾ ਬਣਾ ਲਵੇ ਤਾਂ ਕੌਮ ਦਾ ਭਵਿੱਖ ਸੂਰਜ ਵਾਂਗ ਰੋਸ਼ਨ ਹੋ ਜਾਵੇਗਾ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਤੋਂ ਮਿਲਦੀ ਇਸ ਅਮੁੱਲੀ ਸੇਧ ਨੂੰ ਅਜੋਕੀ ਪੰਥਕ ਚੇਤਨਾ ਦਾ ਹਿੱਸਾ ਬਣਾਉਣ ਲਈ ਯਤਨਸ਼ੀਲ ਹੋਣਾ, ਅੱਜ ਹਰ ਚੇਤੰਨ ਸਿੱਖ ਦਾ ਫਰਜ਼ ਹੈ।

✪✪✪

# ਸਵਾਲ ਜਵਾਬ ਜ਼ਿੰਦਗੀ ਦੀਆਂ ਬਰੀਕੀਆਂ

ਪਿਆਰੇ ਪਾਠਕੋ, ਕਈ ਵਾਰ ਸੰਗਤਾਂ ਆਪਣੇ ਮਨ ਦੇ ਵਿਚਾਰ ਜਾਂ ਪਰਮਾਰਥ ਦੇ ਰਾਹ ਤੇ ਚੱਲਣ ਲਈ ਅਹਿਮ ਸਵਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨਾਲ ਸਾਂਝੇ ਕਰਦੀਆਂ ਰਹਿੰਦੀਆਂ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਇਹ ਸਵਾਲ ਜਵਾਬ ਸਹਿਤ ਪਿਛਲੇ ਕਾਫ਼ੀ ਸਮੇਂ ਤੋਂ ਲੜੀਵਾਰ ਸਿਫਤਿ ਸਾਲਾਹ ਰਸਾਲੇ ਵਿੱਚ ਛਾਪੇ ਜਾ ਰਹੇ ਹਨ ਕਿਉਂਕਿ ਤਕਰੀਬਨ ਹਰ ਇਕ ਜਗਿਆਸੂ ਨੂੰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੀ ਪਤਾ ਕਿਸ ਨੂੰ ਆਪਣਾ ਜਵਾਬ ਇਸ ਵਿੱਚੋਂ ਪ੍ਰਾਪਤ ਹੋ ਜਾਵੇ ਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਜਾਣ। ਪਿਛਲੇ ਅੰਕਾਂ ਵਿੱਚ 466 ਸਵਾਲਾਂ ਦੇ ਜਵਾਬ ਛਾਪੇ ਗਏ ਸਨ। ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਲੜੀ ਅੱਗੇ ਤੋਰ ਰਹੇ ਹਾਂ ਜੀ। ਅਸੀਂ ਧੰਨਵਾਦੀ ਹਾਂ ਸਮੂਹ ਸੰਗਤਾਂ ਦੇ ਜਿਨ੍ਹਾਂ ਨੇ ਇਹ ਉੱਦਮ ਉਪਰਾਲਾ ਕੀਤਾ ਹੈ।

*—ਬੀਬੀ ਜਤਿੰਦਰ ਕੌਰ (ਜੋਤੀ ਦਾਰਾ ਭੈਣ ਜੀ, ਅਮਰੀਕਾ ਵਾਲੇ)*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

467. **ਸਵਾਲ :** ਸਤਿਕਾਰਯੋਗ ਵੀਰ ਜੀ, ਅਸੀਂ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਾਂ ਪਰ ਸਿੱਖੀ ਦੀ ਮੁੱਖ ਨਿਸ਼ਾਨੀ ਕੀ ਹੈ? ਸਿੱਖੀ ਦਾ ਮੂਲ ਕੀ ਹੈ?

**ਜਵਾਬ :** ਪ੍ਰਸ਼ਨ ਬੜਾ ਡੂੰਘਾ ਹੈ। ਸਿੱਖੀ ਦੇ ਮੂਲ ਦਾ ਨਾ ਪਤਾ ਹੋਵੇ ਤਾਂ ਕਈ ਵਾਰ ਸਾਰੀ ਜ਼ਿੰਦਗੀ ਭੁਲੇਖੇ ਵਿੱਚ ਹੀ ਲੰਘ ਜਾਂਦੀ ਹੈ। ਜੇਕਰ ਸਿੱਖੀ ਦੇ ਮੂਲ ਦਾ ਪਤਾ ਹੋਵੇਗਾ ਤੇ ਕੀਤੀ ਕਮਾਈ ਵੀ ਸੰਭਾਲੀ ਰਹੇਗੀ। ਸਾਡੇ ਸਿੱਖ ਧਰਮ ਦੇ ਦੋ ਮੁੱਖ ਸਰੋਤ ਹਨ। ਪਹਿਲਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦੂਜਾ ਸਾਡਾ ਸਿੱਖ ਇਤਿਹਾਸ। ਸਿੱਖ ਇਤਿਹਾਸ ਨੂੰ ਜੇ ਧਿਆਨ ਨਾਲ ਵਾਚੀਏ ਤੇ ਸਾਨੂੰ ਸਿੱਖੀ ਦੇ ਮੂਲ ਦੀਆਂ ਬਰੀਕੀਆਂ ਬਾਰੇ ਪਤਾ ਲੱਗਦਾ ਹੈ। ਛੇਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਵੇਲੇ ਇੱਕ ਬੜੇ ਪਿਆਰੇ ਨਾਮ ਬੰਦਗੀ ਵਾਲੇ ਗੁਰਸਿੱਖ ਹੋਏ ਹਨ, ਭਾਈ ਚੂਹੜ ਜੀ, ਇਨ੍ਹਾਂ ਨੇ ਇੱਕ ਦਿਨ ਗੁਰੂ ਸਾਹਿਬ ਜੀ ਨੂੰ ਬੇਨਤੀ ਕੀਤੀ, "ਪਾਤਸ਼ਾਹ ਜੀ! ਸਿੱਖੀ ਦਾ ਮੂਲ ਕੀ ਹੈ?"

ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੋਝੀ ਬਖਸ਼ੀ, ਕਹਿਣ ਲੱਗੇ, "ਸਿੱਖੀ ਦੇ ਮੂਲ ਦੀਆਂ ਤਿੰਨ ਨਿਸ਼ਾਨੀਆਂ ਹਨ।" ਪਹਿਲੀ ਨਿਸ਼ਾਨੀ ਵਿੱਚ ਮਹਾਰਾਜ ਜੀ ਨੇ ਦੋ ਬਚਨ ਕੀਤੇ। ਮਹਾਰਾਜ ਜੀ ਕਹਿੰਦੇ, ਮਨ ਨੀਵਾਂ ਰੱਖਣਾ ਤੇ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਾ ਲੈਣੀ ਭਾਵ ਇਹ ਕਿ ਸਿੱਖੀ ਦਾ ਮੂਲ ਹੈ ਨਿਮਰਤਾ, ਗਰੀਬੀ। ਸਿੱਖੀ ਦੀ ਜੜ੍ਹ ਹੈ ਨਿਮਰਤਾ।

ਮਹਾਂਪੁਰਸ਼ ਬਚਨ ਕਰਦੇ ਸਨ ਜੇਕਰ ਨੀਂਹ ਪੱਕੀ ਹੋਵੇ ਤੇ ਜਿੰਨੀਆਂ ਮਰਜ਼ੀ ਮੰਜ਼ਿਲਾਂ ਪਾਈ ਜਾਓ ਤੇ ਫਿਰ ਕੋਈ ਖਤਰਾ ਨਹੀਂ। ਜੇਕਰ ਨੀਂਹ ਮਜ਼ਬੂਤ ਨਹੀਂ ਤੇ

ਪਈਆਂ ਹੋਈਆਂ ਮੰਜ਼ਿਲਾਂ ਦੇ ਡਿੱਗਣ ਦਾ ਖਤਰਾ ਬਣਿਆ ਹੀ ਰਹਿੰਦਾ ਹੈ।

ਮਹਾਂਪੁਰਸ਼ ਬਚਨ ਕਰਦੇ ਸਨ ਸਿੱਖ ਦੇ ਬੋਲਾਂ ਵਿੱਚ ਵੀ ਨਿਮਰਤਾ ਹੋਵੇ, ਸਿੱਖ ਦੇ ਚੱਲਣ ਵਿੱਚ ਵੀ ਨਿਮਰਤਾ ਹੋਵੇ, ਸਿੱਖ ਦੇ ਪਹਿਰਾਵੇ ਵਿੱਚ ਵੀ ਨਿਮਰਤਾ ਹੋਵੇ, ਜੇਕਰ ਸਾਡੇ ਬੋਲਾਂ ਵਿੱਚ ਨਿਮਰਤਾ ਨਹੀਂ ਆਈ ਤੇ ਥਾਂ-ਥਾਂ ਪਰਚੇ ਪੈਣਗੇ।

ਪਤਾ ਨਹੀਂ ਪਰਮੇਸ਼ਰ ਦੀ ਕੀ ਲੀਲਾ ਹੈ। ਕਾਮੀ ਬਖਸ਼ੇ ਗਏ, ਕ੍ਰੋਧੀ ਬਖਸ਼ੇ ਗਏ, ਵਿਕਾਰੀ ਬਖਸ਼ੇ ਗਏ ਪਰ ਨਹੀਂ ਬਖਸ਼ਿਆ ਗਿਆ ਤੇ ਇੱਕ ਅਹੰਕਾਰੀ ਨਹੀਂ ਬਖਸ਼ਿਆ ਗਿਆ। ਗੁਰੂ ਤੇ ਸਿੱਖ ਦੇ ਵਿੱਚ ਇੱਕ ਬਹੁਤ ਵੱਡੀ ਦੀਵਾਰ ਹੈ ਹਉਮੈ ਦੀ, ਜਿਹੜੀ ਗੁਰੂ ਤੱਕ ਸਿੱਖ ਨੂੰ ਨਹੀਂ ਪਹੁੰਚਣ ਦਿੰਦੀ।

ਇੱਕ ਵਾਰ ਦਾਸ ਅਮਰੀਕਾ ਕੀਰਤਨ ਦੀ ਹਾਜ਼ਰੀ ਭਰਕੇ ਉੱਠਿਆ 6 ਤੋਂ 7 ਹਾਜ਼ਰੀ ਦਾ ਸਮਾਂ ਸੀ ਤੇ ਅੱਗੇ ਇੱਕ ਹੋਰ ਮੈਰੀਲੈਂਡ ਸ਼ਹਿਰ ਵਿਖੇ ਸਮਾਗਮ ਸੀ 8 ਤੋਂ 9 ਵਜੇ ਤੱਕ। ਸਾਡੇ ਨਾਲ ਸੰਗਤ ਸਮੇਤ ਚਾਰ ਕਾਰਾਂ ਸੀ ਜਿਨ੍ਹਾਂ ਵਿੱਚੋਂ ਇੱਕ ਕਾਰ ਬੀਬੀ ਚਲਾ ਰਹੀ ਸੀ। ਅਸੀਂ ਉਸ ਬੀਬੀ ਨੂੰ ਕਿਹਾ ਕਿ ਭੈਣ ਜੀ, ਤੁਸੀਂ ਆਪਣੀ ਕਾਰ ਇਨ੍ਹਾਂ ਦੀ ਗੱਡੀ ਦੇ ਮਗਰ ਰੱਖਣਾ ਤਾਂ ਜੋ ਇਕੱਠੇ ਅਗਲੇ ਸਮਾਗਮ ਤੇ ਪਹੁੰਚ ਸਕੀਏ। ਉਹ ਬੀਬੀ ਦਮ ਮਾਰ ਕੇ ਦਾਸ ਨੂੰ ਕਹਿਣ ਲੱਗੀ, ਭਾਈ ਸਾਹਿਬ, ਤੁਸੀਂ ਮੈਨੂੰ ਕਹਿੰਦੇ ਪਏ ਹੋ ਕਿ ਮੈਂ ਇਨ੍ਹਾਂ ਦੇ ਪਿੱਛੇ ਗੱਡੀ ਲਗਾ ਲਵਾਂ ਪਰ ਮੈਂ ਤਾਂ ਤੁਹਾਡੇ ਸਾਰਿਆਂ ਤੋਂ ਪਹਿਲਾਂ ਉੱਥੇ ਪਹੁੰਚ ਜਾਣਾ ਹੈ। ਦਾਸ ਨੇ ਮਨ ਵਿੱਚ ਸੋਚਿਆ ਜੇਕਰ ਇਸ ਬੀਬੀ ਨੂੰ ਸਿੱਖੀ ਦੇ ਮੂਲ ਦਾ ਪਤਾ ਹੁੰਦਾ ਤੇ ਇਸਨੇ ਇਹ ਦਮ ਨਹੀਂ ਸੀ ਮਾਰਨਾ। ਹਉਮੈ ਦੀ ਬੀਮਾਰੀ ਤੋਂ ਸਾਨੂੰ ਸਾਰਿਆਂ ਨੂੰ ਗੁਰੂ ਸਾਹਿਬ ਬਚਾਅ ਕੇ ਰੱਖਣ। ਅਸੀਂ 7:40 ਤੇ ਉਸ ਸਮਾਗਮ ਤੇ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਪਹੁੰਚ ਗਏ ਤੇ 8 ਵਜੇ ਕੀਰਤਨ ਅਰੰਭ ਹੋ ਗਿਆ। 8 ਤੋਂ 9 ਵਜੇ ਤੱਕ ਹਾਜ਼ਰੀ ਸੀ। 9:40 ਤੱਕ ਸਾਰਾ ਸਮਾਗਮ ਸਮਾਪਤ ਹੋ ਗਿਆ। ਅਸੀਂ ਲੰਗਰ ਛੱਕ ਕੇ ਬਾਹਰ ਨਿਕਲ ਰਹੇ ਸੀ ਤੇ ਉਧਰੋਂ ਉਹ ਬੀਬੀ ਸਾਹਮਣੇ ਤੁਰੀ ਆਵੇ ਤੇ ਕਹਿਣ ਲੱਗੀ ਕਿ ਅੱਜ ਪਤਾ ਨਹੀਂ ਮੇਰੇ ਦਿਮਾਗ ਨੂੰ ਕੀ ਹੋ ਗਿਆ। ਮੈਂ ਰਸਤਾ ਹੀ ਭੁੱਲ ਗਈ, ਵੀਰ ਜੀ, ਮੈਨੂੰ ਬਹੁਤ ਘੁੰਮ ਕੇ ਆਉਣਾ ਪਿਆ ਹੈ ਤੇ ਹੁਣ ਪਹੁੰਚੀ ਹਾਂ। ਦਾਸ ਨੇ ਬੇਨਤੀ ਕੀਤੀ, ਭੈਣ ਜੀ, ਤੁਹਾਡੇ ਦਮ ਮਾਰਨ ਨਾਲ ਇਹ ਪਰਚਾ ਪਿਆ ਹੈ। ਤੁਸੀਂ ਆਖਿਆ ਸੀ ਕਿ ਮੈਂ ਤਾਂ ਸਾਰਿਆਂ ਤੋਂ ਪਹਿਲਾਂ ਪਹੁੰਚ ਜਾਣਾ ਹੈ। ਦਾਸ ਨੇ ਆਖਿਆ ਕਿ ਗੁਰੂ ਸਾਹਿਬ ਦੇ ਪਾਏ ਪੂਰਨਿਆਂ ਤੋਂ ਇਹ ਸੋਝੀ ਮਿਲਦੀ ਹੈ ਕਿ ਸਿੱਖੀ ਦਾ ਮੂਲ ਕੀ ਹੈ? ਮਨ ਨੀਵਾਂ ਰੱਖਣਾ। ਮਾੜਾ ਜਿਹਾ ਦਮ ਵਜ ਜਾਵੇ ਤੇ ਪਰਚਾ ਪੈ ਜਾਂਦਾ ਹੈ। ਸਿੱਖੀ ਦਾ ਮੂਲ ਹੈ, ਮਨ ਨੀਵਾਂ ਰੱਖਣਾ। ਜੇਕਰ ਇਹੋ ਕਿਹਾ ਹੁੰਦਾ ਉਸ ਬੀਬੀ ਨੇ ਕਿ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਅਸੀਂ ਪਹੁੰਚ ਜਾਵਾਂਗੇ ਤੇ ਫਿਰ ਗੁਰੂ ਸਾਹਿਬ ਨੇ ਵਰਤਣਾ ਸੀ। ਦਾਸ ਨਾਲ ਅਨੇਕਾਂ ਹੀ ਚਾਂਸ ਐਸੇ ਬੀਤਦੇ ਹਨ ਜਿਹੜੇ ਅੱਖਾਂ ਨਾਲ ਦੇਖੇ ਹਨ ਕਿ ਕਿਸੇ ਅੰਦਰ ਹਉਮੈ ਆ ਜਾਵੇ, ਉੱਥੇ ਨਾਲ ਹੀ ਕੋਈ ਨਾ ਕੋਈ ਪਰਚਾ ਪੈ ਜਾਂਦਾ ਹੈ। ਕੋਸ਼ਿਸ਼ ਕਰੋ ਕਿ ਇਸ ਤੋਂ ਬਚਿਆ ਜਾਵੇ। ਸਾਡੇ ਬੋਲਾਂ ਵਿੱਚ ਨਿਮਰਤਾ ਆਵੇ, ਗਰੀਬੀ ਆਵੇ।

ਇੱਕ ਵਾਰ ਕਿਸੇ ਅਸਥਾਨ ਤੇ ਸ੍ਰੀ ਅਖੰਡ ਪਾਠ ਸਾਹਿਬ ਚੱਲ ਰਹੇ ਸੀ। ਦਾਸ ਨੇ ਉੱਥੋਂ ਦੇ ਪ੍ਰਬੰਧਕ ਨੂੰ ਪੁੱਛਿਆ ਕਿ ਅੱਜ ਭੋਗ ਜਲਦੀ ਪੈ ਰਹੇ ਹਨ, ਸੰਗਤ ਲਈ ਪ੍ਰਸ਼ਾਦਾ ਤਿਆਰ ਹੈ। ਉਹ ਪ੍ਰਬੰਧਕ ਬਾਂਹ ਉੱਪਰ ਕਰਕੇ ਕਹਿੰਦਾ, "ਜੀ ਤੁਸੀਂ ਬੇਫਿਕਰ ਰਹੋ, ਲੰਗਰ ਦੀ ਤਿਆਰੀ ਕਰਨਾ ਮੇਰਾ ਕੰਮ ਹੈ।" ਦਾਸ ਹੈਰਾਨ ਹੋ ਗਿਆ, ਗੁਰੂ ਘਰ ਦਾ ਲਾਂਗਰੀ ਜ਼ਰੂਰ ਹੈ ਪਰ ਸਿੱਖੀ ਦਾ ਮੂਲ ਅਜੇ ਪਤਾ ਨਹੀਂ, ਇਹ ਕੀ ਹੈ?

ਜਿਸ ਦਿਨ ਸਿੱਖੀ ਦੇ ਮੂਲ ਦੀ ਸੋਝੀ ਹੋ ਗਈ, ਉਸ ਦਿਨ ਤੋਂ ਸਿੱਖ ਦੇ ਫਿਰ ਇਹ ਬੋਲ ਹੋਣਗੇ, ਗੁਰੂ ਸਾਹਿਬ ਦੀ ਕਿਰਪਾ ਨਾਲ ਲੰਗਰ ਤਿਆਰ ਹੈ। ਹਰ ਗੱਲ ਨਾਲ ਗੁਰੂ ਸਾਹਿਬ ਦੀ ਕਿਰਪਾ, ਗੁਰੂ ਸਾਹਿਬ ਦੀ ਬਖਸ਼ਿਸ਼ ਕਿਹਾ ਜਾਵੇ। ਕੋਈ ਮਾੜਾ ਕੰਮ ਹੋ ਜਾਵੇ ਤਾਂ ਇਹ ਕਿਹਾ ਕਰੋ, ਮੇਰੇ ਕੋਲੋਂ ਹੋਇਆ ਹੈ ਤੇ ਜ਼ਿੰਦਗੀ ਵਿੱਚ ਕੋਈ ਚੰਗਾ ਕੰਮ ਹੋਵੇ ਤਾਂ ਉਹ ਕਿਹਾ ਕਰੋ, ਗੁਰੂ ਸਾਹਿਬ ਜੀ ਨੇ ਕਿਰਪਾ ਕਰਕੇ ਦਾਸ ਗਰੀਬ ਕੋਲੋਂ ਸੇਵਾ

ਲਈ ਹੈ। ਉਸ ਅਸਥਾਨ ਤੇ ਜਦੋਂ ਭੋਗ ਉਪਰੰਤ ਸੰਗਤਾਂ ਪ੍ਰਸ਼ਾਦਾ ਛਕਣ ਬੈਠੀਆਂ ਤੇ ਬਹੁਤ ਸੰਗਤ ਕੋਲ ਪ੍ਰਸ਼ਾਦਾ ਨਹੀਂ ਪਹੁੰਚਿਆ। ਅੱਧੀ ਸੰਗਤ ਕੋਲ ਦਾਲ ਸਬਜ਼ੀ ਨਹੀਂ ਪਹੁੰਚੀ। ਦਾਸ ਨੇ ਉਸ ਵੀਰ ਨੂੰ ਬੁਲਾ ਕੇ ਬੇਨਤੀ ਕੀਤੀ ਕਿ ਇਹ ਸਭ ਕੁਝ ਤੇਰੇ ਦਮ ਮਾਰਨ ਕਰਕੇ ਹੋਇਆ। ਜੇ ਤੁਸੀਂ ਮਨ ਨੀਵਾਂ ਕਰਕੇ ਇਹ ਕਿਹਾ ਹੁੰਦਾ ਕਿ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਲੰਗਰ ਤਿਆਰ ਹੋ ਜਾਵੇਗਾ ਤਾਂ ਗੁਰੂ ਸਾਹਿਬ ਜੀ ਨੇ ਵਰਤਣਾ ਸੀ। ਅਗਾਂਹ ਤੋਂ ਗੁਰੂ ਸਾਹਿਬ ਦੀ ਕਿਰਪਾ ਨਾਲ, ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਚੱਲਣ ਦਾ ਯਤਨ ਕਰੋ।

ਸਿੱਖੀ ਦਾ ਮੂਲ ਹੈ ਮਨ ਨੀਵਾਂ ਰੱਖਣਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖੀ ਦੇ ਮੂਲ ਦੀ ਪਹਿਲੀ ਨਿਸ਼ਾਨੀ ਵਿੱਚ ਦੋ ਬਚਨ ਕੀਤੇ ਹਨ ਪਹਿਲਾ ਬਚਨ- ਮਨ ਨੀਵਾਂ ਰੱਖਣਾ ਤੇ ਦੂਸਰਾ ਬਚਨ- ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਾ ਲੈਣੀ। ਅਗਰ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਲਵਾਂਗੇ, ਉਹ ਖੁਸ਼ੀ, ਖੁਸ਼ੀ ਨਹੀਂ ਰਹੇਗੀ। ਕਈ ਪੱਖਾਂ ਤੋਂ ਇਹ ਗੱਲਾਂ ਜ਼ਿੰਦਗੀ 'ਚ ਵਰਤਦੀਆਂ ਹਨ।

ਇੱਕ ਸ਼ਹੀਦ ਸਿੰਘਾਂ ਦੇ ਅਸਥਾਨ ਤੇ ਅਸੀਂ ਗਏ। ਗੁਰਦੁਆਰਾ ਸਾਹਿਬ ਵਿਖੇ ਨਿਸ਼ਾਨ ਸਾਹਿਬ ਦਾ ਚੋਲਾ ਚੜ੍ਹਾਉਣ ਦੀ ਤਾਰੀਕ ਲੈਣੀ ਸੀ। ਜਿਹੜੀ ਤਾਰੀਕ ਚਾਹੀਦੀ ਸੀ, ਉਸ ਦਿਨ ਗੁਰਪੁਰਬ ਸੀ। ਕਿਸੇ ਹੋਰ ਦੀ ਉਸ ਦਿਨ ਬੁਕਿੰਗ ਸੀ। ਦਾਸ ਨੇ ਉਸ ਅਸਥਾਨ ਦੇ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਸਾਨੂੰ ਇਹ ਦਿਨ ਚਾਹੀਦਾ ਸੀ ਨਿਸ਼ਾਨ ਸਾਹਿਬ ਚੜ੍ਹਾਉਣ ਲਈ। ਉਹ ਕਹਿਣ ਲੱਗੇ, "ਇਹ ਦਿਨ ਕਿਸੇ ਦਾ ਬੁੱਕ ਹੈ।" 3-4 ਵੱਡੇ ਅਹੁਦੇਦਾਰਾਂ ਦਾ ਨਾਮ ਲੈ ਕੇ ਕਹਿਣ ਲੱਗੇ ਜੇ ਤੁਸੀਂ ਇਨ੍ਹਾਂ ਕੋਲੋਂ ਦਸਤਖਤ ਕਰਵਾ ਲਵੋ ਤੇ ਇਹ ਵਾਰੀ ਉਨ੍ਹਾਂ ਦੀ ਕੱਟ ਕੇ ਤੁਹਾਨੂੰ ਮਿਲ ਸਕਦੀ ਹੈ। ਪਹਿਲਾਂ ਦਾਸ ਨੇ ਸੋਚਿਆ ਕਿ ਜਿਨ੍ਹਾਂ ਦੇ ਨਾਮ ਲੈ ਰਿਹਾ ਹੈ, ਇਹ ਸਾਰੇ ਹੀ ਮੇਰੇ ਚੰਗੀ ਤਰ੍ਹਾਂ ਵਾਕਫ ਨੇ, ਫੋਨ ਕਰ ਦਿੰਦੇ ਹਾਂ ਤੇ ਦਸਤਖਤ ਵੀ ਕਰਵਾ ਲੈਂਦੇ ਹਾਂ ਤੇ ਲੈ ਲੈਂਦੇ ਹਾਂ ਵਾਰੀ ਪਰ ਨਾਲ ਹੀ ਛੇਵੇਂ ਪਾਤਸ਼ਾਹ ਜੀ ਦਾ ਇਹ ਬਚਨ ਯਾਦ ਆ ਗਿਆ ਕਿ ਤੇਰਾ ਚੜ੍ਹਾਇਆ ਨਿਸ਼ਾਨ ਸਾਹਿਬ ਦਾ ਚੋਲਾ ਵੀ ਗੁਰੂ ਘਰ 'ਚ ਥਾਂਏ ਨਹੀਂ ਪਵੇਗਾ, ਜੇ ਤੂੰ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਲਵੇਂਗਾ। ਜ਼ਿੰਦਗੀ 'ਚ ਕਈ ਪਹਿਲੂਆਂ ਤੇ ਇਹ ਚੀਜ਼ਾਂ ਆਪ ਜੀ ਦੇ ਸਾਹਮਣੇ ਆਉਂਦੀਆਂ ਹਨ। ਦਾਸ ਨੇ ਖੁਦ ਇਹ ਸੀਨ ਦੇਖਿਆ। ਕੈਨੇਡਾ ਵਿੱਚ ਇੱਕ ਰਾਗੀ ਜੱਥਾ ਜਿਸ ਦਾ ਬੜਾ ਨਾਂ ਸੀ, ਇੱਕ ਬੱਚਿਆਂ ਦਾ ਜੱਥਾ ਬੈਠਾ ਕੀਰਤਨ ਕਰਨ, ਉਨ੍ਹਾਂ ਦਾ 10 ਮਿੰਟ ਸਮਾਂ ਅਨਾਊਂਸ ਹੋਇਆ। ਉਸ ਰਾਗੀ ਜੱਥੇ ਨੇ 2 ਮਿੰਟ ਬਾਅਦ ਜ਼ਿੱਦ ਕਰਕੇ ਉਨ੍ਹਾਂ ਬੱਚਿਆਂ ਨੂੰ ਉਠਾ ਦਿੱਤਾ, 10 ਮਿੰਟ ਵੀ ਨਹੀਂ ਉਨ੍ਹਾਂ ਕੋਲੋਂ ਕੀਰਤਨ ਸੁਣਿਆ ਗਿਆ। ਉਸ ਸਮੇਂ ਇਹ ਬਚਨ ਯਾਦ ਆ ਗਿਆ ਕਿ ਕਾਸ਼, ਇਸ ਰਾਗੀ ਨੂੰ ਇਹ ਬਚਨ ਪਤਾ ਹੁੰਦਾ ਕਿ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਹੀਂ ਲੈਣੀ। ਕੀਰਤਨ ਸੁਣਨ ਦਾ ਮਹਾਤਮ ਕੀਰਤਨ ਕਰਨ ਨਾਲੋਂ ਵੀ ਜ਼ਿਆਦਾ ਹੈ।

ਇਹ ਸਿੱਖੀ ਦੇ ਮੂਲ ਦੀ ਪਹਿਲੀ ਨਿਸ਼ਾਨੀ ਹੈ ਕਿ ਮਨ ਨੀਵਾਂ ਰੱਖਣਾ ਤੇ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਾ ਲੈਣੀ। ਸਿੱਖ ਦਾ ਮਤਲਬ, ਸਿੱਖ ਦਾ ਭਾਵ ਹੀ ਇਹ ਹੈ ਕਿ ਮੈਂ ਕੁਝ ਸਿੱਖਣਾ ਚਾਹੁੰਦਾ ਹਾਂ, ਸਿੱਖ ਸਰਵ ਗੁਣ ਸੰਪੂਰਨ ਵੀ ਹੋ ਜਾਵੇ ਤਾਂ ਵੀ ਉਸਦਾ ਮਨ ਇੱਥੇ ਖਲੋਤਾ ਹੋਵੇ ਕਿ ਮੈਂ ਕੁਝ ਸਿੱਖਣਾ ਚਾਹੁੰਦਾ ਹਾਂ।

ਬਾਬਾ ਨੰਦ ਸਿੰਘ ਜੀ ਦਾ 24 ਘੰਟਿਆਂ ਵਿੱਚੋਂ ਇੱਕ ਸੁਆਸ ਵੀ ਬੰਦਗੀ ਤੋਂ ਖਾਲੀ ਨਹੀਂ ਸੀ ਜਾਂਦਾ ਇੰਨੀ ਬੰਦਗੀ ਪਰ ਟੋਇਆ ਪੁੱਟ ਕੇ ਬੈਠਣਾ। ਕਿਸੇ ਨੇ ਪੁੱਛ ਲਿਆ, ਬਾਬਾ ਜੀ ਟੋਇਆ ਪੁੱਟ ਕੇ ਕਿਉਂ ਬੈਠਦੇ ਹੋ? ਤੇ ਬਾਬਾ ਜੀ ਨੇ ਆਖਣਾ ਸੰਗਤਾਂ ਦੇ ਚਰਨਾਂ ਦੀ ਧੂੜੀ ਮੇਰੇ ਤੇ ਪੈ ਜਾਵੇ ਤਾਂ ਕਿ ਮੈਂ ਵੀ ਸਿੱਖ ਬਣ ਜਾਵਾਂ। ਸਿੱਖ ਕੋਲ ਦਇਆ, ਧੀਰਜ, ਸੰਤੋਖ, ਘੱਟ ਖਾਣਾ, ਘੱਟ ਬੋਲਣਾ ਜਿੰਨੇ ਮਰਜ਼ੀ ਗੁਣ ਆ ਜਾਣ। ਧਨ ਆ ਜਾਵੇ ਪਰ ਮਨ ਹਮੇਸ਼ਾਂ ਨੀਵਾਂ ਹੀ ਹੋਵੇ। ਮਨ ਇੱਥੇ ਹੀ ਖੜ੍ਹਾ ਹੋਵੇ, ਮੈਂ ਸਿੱਖਣਾ ਚਾਹੁੰਦਾ ਹਾਂ। ਇਹ ਸਿੱਖੀ ਦੇ ਮੂਲ ਦੀ ਪਹਿਲੀ ਨਿਸ਼ਾਨੀ ਸਾਡੀ ਜ਼ਿੰਦਗੀ ਵਿੱਚ ਵੀ ਆਵੇ। ਗੁਰੂ ਸਾਹਿਬ ਦੀ ਕਿਰਪਾ ਨਾਲ ਅਗਲੀਆਂ ਦੋ ਨਿਸ਼ਾਨੀਆਂ ਅਗਲੇ ਐਡੀਸ਼ਨ ਵਿੱਚ ਸਾਂਝੀਆਂ ਕਰਨ ਦਾ ਯਤਨ ਕਰਾਂਗੇ ਜੀ।

*-ਚਲਦਾ*

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ
ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**463**

*—ਸੰਪਾਦਕ*

**464**

ਹਉਮੈ ਇੱਕ ਇਹੋ ਜਿਹੀ ਦੀਵਾਰ ਹੈ ਜਦ ਤੱਕ ਨਾ ਡਿੱਗੇ ਸਿੱਖ ਦਾ ਤੇ ਗੁਰੂ ਦਾ ਮਿਲਾਪ ਨਹੀਂ ਹੋ ਸਕਦਾ।

ਸਿੱਖ ਹਉਮੈ ਨੂੰ ਪੈਰ ਦਾ ਜੋੜਾ ਬਣਾ ਕੇ ਰੱਖੇ ਅਤੇ ਨਿਮਰਤਾ ਨੂੰ ਸਿਰ ਦੀ ਦਸਤਾਰ। ਜਦੋਂ ਸੰਗਤ ਵਿੱਚ ਆਵੇ ਹਉਮੈ ਦਾ ਜੋੜਾ ਬਾਹਰ ਲਾਹ ਕੇ ਆਵੇ ਤੇ ਨਿਮਰਤਾ ਦੀ ਦਸਤਾਰ ਸਜਾ ਕੇ ਆਵੇ।

**465**

ਭਰੋਸਾ ਉਨ੍ਹਾਂ ਦੇ ਅੰਦਰ ਹੁੰਦਾ ਹੈ ਜਿਨ੍ਹਾਂ ਦੇ ਅੰਦਰ ਪ੍ਰੇਮ ਹੋਵੇ ਤੇ ਪ੍ਰੇਮ ਉਨ੍ਹਾਂ ਦੇ ਅੰਦਰ ਹੁੰਦਾ ਹੈ ਜਿਨ੍ਹਾਂ ਦੇ ਅੰਦਰ ਸਿਦਕ ਹੋਵੇ।

## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥



*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-*

ਪਰਮੇਸ਼ਰ ਦਾਤਾਂ ਦਿੰਦਾ ਨਹੀਂ ਥੱਕਦਾ, ਪਰ ਬੰਦਾ ਸ਼ੁਕਰਾਨਾ ਕਰਨ ਦੀ ਥਾਂ ਸ਼ਿਕਵੇ ਸ਼ਿਕਾਇਤਾਂ ਕਰਦਾ ਹੈ। ਜਿਸ ਦਾ ਸ਼ੁਕਰਾਨਾ ਕਰਨ ਦਾ ਸੁਭਾਅ ਬਣ ਜਾਵੇ, ਉਸਦੇ ਵੱਡੇ ਭਾਗ ਜਾਣੋ!

ਕਰਮਸਰ ਰਾੜਾ ਸਾਹਿਬ ਵਿਖੇ ਕਈ ਪ੍ਰੇਮੀ ਆ ਕੇ ਘਰ ਵਿੱਚ ਸ਼ੁਕਰਾਨੇ ਵਜੋਂ ਅਖੰਡ ਪਾਠ ਕਰਵਾਉਣ ਲਈ ਬੇਨਤੀ ਕਰਦੇ। ਕੁਝ ਪਿੰਡਾਂ ਦੇ ਪ੍ਰੇਮੀ ਦੀਵਾਨਾਂ ਲਈ ਬੇਨਤੀ ਕਰਦੇ। ਬਾਬਾ ਜੀ ਨੇ ਬਚਨ ਕਰਨਾ ਕਿ ਅਖੰਡ ਪਾਠ ਪਿੰਡਾਂ ਦੇ ਪਾਠੀਆਂ ਤੋਂ ਹੀ ਕਰਵਾ ਲਏ ਜਾਣ, ਪਰ ਸੰਗਤ ਚਾਹੁੰਦੀ ਸੀ ਕਿ ਅਸਥਾਨ ਦੇ ਭਜਨੀਕ ਅਤੇ ਸੰਜਮੀ ਜੀਵਨ ਵਾਲੇ ਸਿੰਘਾਂ ਪਾਸੋਂ ਹੀ ਪਾਠ ਕਰਵਾਏ ਜਾਣ। ਉਨ੍ਹਾਂ ਦੀ ਭਾਵਨਾ ਸੀ।

ਸੰਗਤ ਦੀ ਭਾਵਨਾ ਦੇਖਦਿਆਂ ਬਾਬਾ ਜੀ ਨੇ ਬਾਬਾ ਕਿਸ਼ਨ ਸਿੰਘ ਜੀ ਨਾਲ ਵਿਚਾਰ ਕੀਤੀ ਅਤੇ ਬਚਨ ਕੀਤਾ ਕਿ ਇਹ ਸਾਰੀ ਜ਼ਿੰਮੇਵਾਰੀ ਸੰਭਾਲਣ। ਸੋ ਸੰਗਤ ਦੀਆਂ ਬੇਨਤੀਆਂ ਤੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣ ਲੱਗ ਪਏ। ਪਾਠ ਦੇ ਭੋਗ ਵਾਲੇ ਦਿਨ ਦੀਵਾਨ ਸਜਦੇ। ਸਾਲ ਵਿੱਚ ਚਾਰ ਮਹੀਨੇ ਅੱਸੂ, ਕੱਤਕ, ਫੱਗਣ ਅਤੇ ਚੇਤ ਪਿੰਡਾਂ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਅਤੇ ਦੀਵਾਨਾਂ ਲਈ ਨੀਯਤ ਕੀਤੇ ਗਏ। ਬਾਬਾ ਜੀ ਦੀਵਾਨਾਂ ਵਿੱਚ ਨਿਰੋਲ ਗੁਰਮਤਿ ਦੀ ਹੀ ਵਿਚਾਰ ਕਰਦੇ, ਜਿਸਦਾ ਨਤੀਜਾ ਇਹ ਹੋਇਆ ਕਿ ਇਲਾਕੇ ਵਿੱਚ ਪ੍ਰੇਮੀ ਗੁਰੂ ਕੇ ਜਹਾਜ਼ ਚੜ੍ਹ ਕੇ ਜੀਵਨ ਮਨੋਰਥ ਪ੍ਰਾਪਤ ਕਰਨ ਲਈ ਪਰਮਾਰਥ ਪੜ੍ਹਾਈ ਕਰਨ ਲੱਗੇ।

ਈਸਵੀ ਸੰਨ 1938 ਚੱਲ ਰਿਹਾ ਸੀ। ਇੱਕ ਸ਼ਾਮ ਸ੍ਰੀਮਾਨ ਸੰਤ ਬਾਬਾ ਨੰਦ ਸਿੰਘ ਜੀ ਕਲੇਰ੍ਹਾਂ ਵਾਲੇ ਨਹਿਰ ਦੀ ਪਟੜੀ ਤੇ ਆਉਂਦੇ ਹੋਏ ਅਸਥਾਨ ਦੇ ਕੋਲ ਆ ਕੇ ਰੁਕ ਗਏ। ਕਲੇਰ੍ਹਾਂ ਵਾਲੇ ਮਹਾਂਪੁਰਖਾਂ ਨੇ ਸੇਵਾਦਾਰਾਂ ਨੂੰ ਨਹਿਰ ਦੇ ਕੰਢੇ ਆਸਣ ਲਾਉਣ ਦਾ ਬਚਨ ਕੀਤਾ। ਇੰਨੇ ਨੂੰ ਰਾੜਾ ਸਾਹਿਬ ਵਾਲੇ ਮਹਾਂਪੁਰਖ ਵੀ ਆ ਗਏ।

ਕੋਈ ਰਾਜਾ-ਮਹਾਰਾਜਾ ਅਤੇ ਮੰਤਰੀ, ਕੋਈ ਸਰਮਾਏਦਾਰ ਆਏ, ਸੰਤ ਜਨ ਪਰਵਾਹ ਨਹੀ ਕਰਿਆ ਕਰਦੇ ਪਰ ਸੰਤ ਕੋਲ ਸੰਤ ਆਵੇ ਤਾਂ ਉਨ੍ਹਾਂ ਦਾ ਮਿਲਾਪ, ਪਰਸਪਰ ਪਿਆਰ ਅਤੇ ਸਤਿਕਾਰ ਜਨ ਭਰਪੂਰ ਹੁੰਦਾ ਹੈ। ਰਾੜਾ ਸਾਹਿਬ ਵਾਲੇ ਮਹਾਂਪੁਰਖ ਪਤਾ ਲੱਗਣ ਤੇ ਨਹਿਰ ਦੇ ਕੰਢੇ ਆਏ ਅਤੇ ਕਲੇਰ੍ਹਾਂ ਵਾਲੇ ਮਹਾਂਪੁਰਖਾਂ ਨੂੰ ਮੱਥਾ ਟੇਕਣ ਲੱਗੇ ਪਰ ਉਨ੍ਹਾਂ ਨੇ ਜੱਫੀ ਵਿੱਚ ਲੈ ਲਿਆ।

ਪੰਜ ਪਿਆਰਿਆਂ 'ਚੋਂ ਮੁੱਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਦੁਆਰਾ ਗੁਰਮਤਿ ਪ੍ਰਚਾਰ ਸਦਕਾ ਦਸ ਸ਼ਾਖਾਵਾਂ ਪ੍ਰਗਟ ਹੋਈਆਂ ਸਨ- ਡਰੌਲੀ ਸੰਪਰਦਾ, ਖਡੂਰੀਆਂ ਸੰਪਰਦਾ, ਮੁਕਤਸਰੀ ਸੰਪਰਦਾ, ਗਿੜਵੜੀ ਸੰਪਰਦਾ, ਦੁਭੋਰਨ ਸੰਪਰਦਾ, ਮੰਗਲਵਾਲ ਸੰਪਰਦਾ, ਸੇਖਵਾਂ ਸੰਪਰਦਾ, ਮਹਿਮਾ ਸ਼ਾਹੀ ਸੰਪਰਦਾ, ਨੌਰੰਗਾਬਾਦੀ ਸੰਪਰਦਾ ਅਤੇ ਪੰਡੋਰੀ ਨਿੱਝਰਾਂ ਸੰਪਰਦਾ। ਬਾਬਾ ਨੰਦ ਸਿੰਘ ਜੀ ਦਾ ਸੰਬੰਧ ਪੰਡੋਰੀ ਨਿੱਝਰਾਂ ਸੰਪਰਦਾ ਨਾਲ ਸੀ ਅਤੇ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦਾ ਸੰਬੰਧ ਨੌਰੰਗਾਬਾਦੀ ਸੰਪਰਦਾ ਨਾਲ ਸੀ। ਨੌਰੰਗਾਬਾਦੀ ਨਾਮ ਨੌਰੰਗਾਬਾਦ ਵਾਲੇ ਮਹਾਂਪੁਰਸ਼ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੇ ਨਾਮ ਤੇ ਪਿਆ ਸੀ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਮਹਾਂਪੁਰਖ ਵੀ ਇਸੇ ਸੰਪਰਦਾ ਵਿੱਚ ਹੋਏ ਹਨ, ਜਿਨ੍ਹਾਂ ਦੀ ਸੰਗਤ ਕਰਕੇ ਇੱਕ ਸੌ ਇੱਕ ਉੱਚ ਕੋਟੀ ਦੇ ਮਹਾਂਪੁਰਖ ਹੋਏ ਹਨ ਜਿਸ ਕਾਰਨ ਇਸ ਸੰਪਰਦਾ ਨੂੰ ਹੋਤੀ ਮਰਦਾਨ ਸੰਪਰਦਾ ਵੀ ਕਿਹਾ ਜਾਂਦਾ ਹੈ।

ਦੋਨਾਂ ਸੰਪਰਦਾਵਾਂ ਦੇ ਮਹਾਂਪੁਰਖਾਂ ਵਿੱਚ ਪ੍ਰੇਮ ਸੀ।

ਬਾਬਾ ਨੰਦ ਸਿੰਘ ਜੀ ਹੋਤੀ ਮਰਦਾਨ ਗਏ ਸਨ ਤਾਂ ਬਾਬਾ ਕਰਮ ਸਿੰਘ ਜੀ ਨਾਲ ਵੀ ਮਿਲਾਪ ਹੋਇਆ ਸੀ। ਹਰਖੋਵਾਲ ਵਾਲੇ ਮਹਾਂਪੁਰਖ ਬਾਬਾ ਜਵਾਲਾ ਸਿੰਘ ਜੀ ਜੋ ਕਿ ਹੋਤੀ ਮਰਦਾਨ ਸੰਪਰਦਾ ਵਿੱਚੋਂ ਹੀ ਉੱਚ ਕੋਟੀ ਦੇ ਮਹਾਤਮਾ ਸਨ, ਉਨ੍ਹਾਂ ਨਾਲ ਵੀ ਕਲੇਰ੍ਹਾਂ ਵਾਲੇ ਮਹਾਂਪੁਰਖਾਂ ਦਾ ਬਹੁਤ ਪ੍ਰੇਮ ਸੀ।

ਬਾਬਾ ਕਿਸ਼ਨ ਸਿੰਘ ਜੀ (ਰਾੜਾ ਸਾਹਿਬ ਵਾਲੇ) ਦਾ ਪਿੰਡ ਮਸੀਤਾਂ ਜੋ ਦਮਦਮਾ ਸਾਹਿਬ ਦੇ ਨੇੜੇ ਸੀ, ਜੋ ਬਾਬਾ ਬਹਾਲ ਦਾਸ ਜੀ ਜੱਸੀ ਪੌ ਵਾਲਿਆਂ ਪਾਸ ਆਇਆ ਕਰਦੇ ਸਨ। ਬਾਬਾ ਬਹਾਲ ਦਾਸ ਜੀ ਭੁੱਚੋ ਵਾਲੇ ਮਹਾਂਪੁਰਖਾਂ ਦੇ ਸੇਵਕ ਸਨ। ਬਾਬਾ ਕਿਸ਼ਨ ਸਿੰਘ ਜੀ ਨੇ ਪਹਿਲੀ ਉਮਰੇ ਉਨ੍ਹਾਂ ਦੀ ਸੰਗਤ ਕੀਤੀ ਸੀ।

ਬਾਬਾ ਨੰਦ ਸਿੰਘ ਜੀ ਪਟਿਆਲੇ ਤੋਂ ਆ ਰਹੇ ਸਨ। ਸ਼ਾਮ ਦੇ ਦੀਵਾਨ ਦਾ ਸਮਾਂ ਹੋ ਰਿਹਾ ਸੀ, ਸੋ ਕਾਰ ਰੁਕਾ ਲਈ। ਆਪ ਜੀ ਕਿਤੇ ਵੀ ਹੁੰਦੇ, ਰੋਜ਼ ਦੇ ਨੇਮ ਅਨੁਸਾਰ ਦੀਵਾਨ ਦੇ ਸਮੇਂ ਦੀਵਾਨ ਸਜਦਾ।

''ਬਾਬਾ ਜੀ ! ਆਪ ਜੀ ਨੇ ਬੜੀ ਕਿਰਪਾ ਕੀਤੀ। ਖੁਦ ਚੱਲ ਕੇ ਆ ਕੇ ਦਰਸ਼ਨ ਬਖਸ਼ਿਸ਼ ਕੀਤੇ ਹਨ। ਅਸਥਾਨ ਤੇ ਦਰਸ਼ਨ ਦਿਓ। ਆਪ ਜੀ ਦਾ ਹੀ ਅਸਥਾਨ ਹੈ।'' ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ। ''ਮਹਾਂਪੁਰਖੋ ! ਅਸੀਂ ਤਾਂ ਨਵਿਰਤੀ ਵਾਲੇ ਵਿਰਕਤ ਸਾਧੂ ਹਾਂ। ਸਾਡਾ ਮਨ ਤਾਂ ਬਹੁਤਾ ਬਾਹਰ ਇਕਾਂਤ ਵਿੱਚ ਠਹਿਰ ਕੇ ਹੀ ਪ੍ਰਸੰਨ ਹੁੰਦਾ ਹੈ।'' ਬਾਬਾ ਨੰਦ ਸਿੰਘ ਜੀ ਨੇ ਬਚਨ ਕੀਤਾ।

ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਘੰਦੇੜਿਆਂ ਭਾਵ ਮੋਢਿਆਂ ਤੇ ਸਵਾਰ ਹੋਣ ਦੀ ਬੇਨਤੀ ਕੀਤੀ ਅਤੇ ਮਹਾਂਪੁਰਖਾਂ ਨੂੰ ਘੰਦੇੜਿਆਂ ਤੇ ਚੁੱਕ ਲਿਆ। ਮੀਂਹ ਪੈ ਕੇ ਹਟਿਆ ਸੀ, ਕਿਤੇ-ਕਿਤੇ ਚਿਕੜ ਵੀ ਸੀ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਚਰਨੀ ਜੋੜਾ ਵੀ ਨਹੀਂ ਸੀ ਪਾਇਆ। ਬਹੁਤ ਸਤਿਕਾਰ ਨਾਲ ਕਲੇਰ੍ਹਾਂ ਵਾਲੇ ਮਹਾਂਪੁਰਖਾਂ ਨੂੰ ਅਸਥਾਨ ਤੇ ਲਿਆ ਕੇ ਪਲੰਘ ਤੇ ਬਿਠਾਇਆ। ਕਲੇਰ੍ਹਾਂ ਵਾਲੇ ਮਹਾਂਪੁਰਖ ਪਲੰਘ ਤੇ ਨਹੀਂ ਸਨ ਬੈਠਿਆ ਕਰਦੇ, ਪਰ ਪ੍ਰੇਮ ਦੀ ਖੇਡ ਅਨੋਖੀ ਹੈ।

ਬਾਬਾ ਈਸ਼ਰ ਸਿੰਘ ਜੀ ਥੱਲੇ ਹੀ ਬੈਠ ਗਏ। ਬਾਬਾ ਨੰਦ ਸਿੰਘ ਜੀ ਪਲੰਘ ਉੱਪਰ ਬੈਠਣ ਲਈ ਕਹਿਣ ਪਰ ਬਾਬਾ ਈਸ਼ਰ ਸਿੰਘ ਜੀ ਉੱਠਣ ਹੀ ਨਾ। ਕਲੇਰ੍ਹਾਂ ਵਾਲੇ ਮਹਾਂਪੁਰਖਾਂ ਨੂੰ ਪਰਸ਼ਾਦੇ ਦੀ ਬੇਨਤੀ ਕਰਕੇ ਪਰਸ਼ਾਦਾ ਛਕਾਇਆ। ਸੇਵਾਦਾਰਾਂ ਨੂੰ ਵੀ ਪਰਸ਼ਾਦਾ ਛਕਾਇਆ। ਕੁਝ ਸਮਾਂ ਦੋਵੇਂ ਮਹਾਂਪੁਰਖ ਪਰਮਾਰਥਕ ਬਚਨ ਕਰਦੇ ਰਹੇ। ਇੰਨੇ ਨੂੰ ਕਲੇਰ੍ਹਾਂ ਵਾਲੇ ਮਹਾਂਪੁਰਖਾਂ ਦੇ ਨੇਮ ਅਨੁਸਾਰ ਸ਼ਾਮ ਦੇ ਦੀਵਾਨ ਦਾ ਸਮਾਂ ਹੋ ਗਿਆ। ਸ਼ਾਮ ਦਾ ਦੀਵਾਨ ਰਾੜਾ ਸਾਹਿਬ ਅਸਥਾਨ ਤੇ ਹੀ ਸਜਿਆ। ਟੀਕਾ ਸਾਹਿਬ ਦੀ ਕਥਾ ਉਪਰੰਤ ਭਾਈ ਸੰਤਾ ਸਿੰਘ ਜੀ ਨੇ ਅਤੇ ਕਲੇਰ੍ਹਾਂ ਵਾਲੇ ਮਹਾਂਪੁਰਖਾਂ ਦੇ ਬਚਨ ਅਨੁਸਾਰ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਵੀ ਕੀਰਤਨ ਕੀਤਾ। ਦੀਵਾਨ ਦੀ ਸਮਾਪਤੀ ਉਪਰੰਤ ਬਾਬਾ ਨੰਦ ਸਿੰਘ ਜੀ ਨਹਿਰ ਦੇ ਕੰਢੇ ਆਪਣੇ ਆਸਣ ਤੇ ਚਲੇ ਗਏ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਿਸਤਰੇ, ਚਾਦਰਾਂ ਆਦਿ ਭੇਜ ਦਿੱਤੇ ਸਨ।

ਅੰਮ੍ਰਿਤ ਵੇਲੇ ਬਾਬਾ ਈਸ਼ਰ ਸਿੰਘ ਜੀ ਆਸਾ ਦੀ ਵਾਰ ਦੇ ਕੀਰਤਨ ਦਾ ਭੋਗ ਰੋਜ਼ ਦੇ ਸਮੇਂ ਤੋਂ ਪਹਿਲਾਂ ਪਾ ਕੇ ਨਹਿਰ ਕੇ ਕੰਢੇ ਆ ਗਏ। ਦੀਵਾਨ ਸਜਿਆ ਹੋਇਆ ਸੀ। ਕਲੇਰ੍ਹਾਂ ਵਾਲੇ ਮਹਾਂਪੁਰਖਾਂ ਦੇ ਬਚਨ ਕਰਨ ਤੇ ਬਾਬਾ ਜੀ ਨੇ ਵੀ ਕੀਰਤਨ ਕੀਤਾ।

ਆਸੇ-ਪਾਸੇ ਦੇ ਪਿੰਡਾਂ ਦੀ ਸੰਗਤ ਇਕੱਤਰਤ ਹੋ ਗਈ ਸੀ। (ਸੰਤ) ਮੀਹਾਂ ਸਿੰਘ ਜੀ ਸਿਆੜ ਵਾਲੇ ਵੀ ਆ ਹਾਜ਼ਰ ਹੋਏ। (ਸੰਤ) ਮੀਹਾਂ ਸਿੰਘ ਜੀ ਕਲੇਰ੍ਹਾਂ ਵਾਲੇ ਮਹਾਂਪੁਰਖਾਂ ਦੇ ਸੰਗੀ ਸਨ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨਾਲ ਵੀ ਉਨ੍ਹਾਂ ਦਾ ਬਹੁਤ ਪ੍ਰੇਮ ਸੀ।

ਦੀਵਾਨ ਦੀ ਸਮਾਪਤੀ ਉਪਰੰਤ ਲੰਗਰ ਵਰਤਿਆ। ਕੁਝ ਸਮਾਂ ਦੋਨਾਂ ਮਹਾਂਪੁਰਖਾਂ ਵਿੱਚ ਪਰਮਾਰਥਕ ਬਚਨ ਹੋਏ। ਸੰਗਤ ਵੀ ਬਚਨ ਸਰਵਣ ਕਰ ਰਹੀ ਸੀ। ਸੰਗਤ ਵਿੱਚੋਂ ਕੁਝ ਪ੍ਰੇਮੀਆਂ ਨੇ ਆਪਣੇ ਸ਼ੰਕੇ ਨਵਿਰਤ ਕੀਤੇ।

ਕੁਝ ਪ੍ਰੇਮੀਆਂ ਨੇ ਮਨ ਦੇ ਟਿਕਾਓ ਦੇ ਸਾਧਨ ਬਾਰੇ ਬਾਬਾ ਈਸ਼ਰ ਸਿੰਘ ਜੀ ਨੂੰ ਪੁੱਛਿਆ ਤਾਂ ਆਪ ਜੀ ਨੇ ਕਿਹਾ, ''ਮਨ ਦੇ ਟਿਕਾਓ ਲਈ ਸ੍ਰਵਣ, ਮੰਨਣ ਆਦਿ ਸਾਧਨ ਕੀਤੇ ਜਾਣੇ ਚਾਹੀਦੇ ਹਨ। ਪਹਿਲਾ ਹੈ ਸ੍ਰਵਣ। ਇਹ ਦੋ ਪ੍ਰਕਾਰ ਦਾ ਹੈ। ਪਹਿਲਾਂ ਤਾਂ ਹੈ ਇਸ ਤਰ੍ਹਾਂ ਦਾ ਸ੍ਰਵਣ ਕਿ ਸੰਗਤ ਵਿੱਚ ਬੈਠ ਕੇ ਕਥਾ-ਕੀਰਤਨ ਸ੍ਰਵਣ ਕਰਦਿਆਂ ਜੋ ਮਨ ਦਸਾਂ-ਦਿਸ਼ਾਵਾਂ ਵਿੱਚ ਭੱਜਾ ਫਿਰਦਾ ਹੈ। ਇਸ ਤਰ੍ਹਾਂ ਦੇ ਸ੍ਰਵਣ ਨਾਲ ਪਾਪ ਦਗਧ ਨਹੀਂ

ਹੁੰਦੇ। ਪਾਪ ਦਗਧ ਨਾ ਹੋਣ ਨਾਲ ਰੂਹਾਨੀ ਤਰੱਕੀ ਦੇ ਪੈਂਡੇ ਤੇ ਅੱਗੇ ਨਹੀਂ ਵੱਧ ਪਾਉਂਦਾ। ਦੂਸਰਾ ਹੈ ਇਕਾਗਰਤਾ ਨਾਲ ਸ੍ਵਣ ਕਰਨਾ। ਇਹ ਘਰ ਦੀ ਚੂਲੇ ਦੀ ਅੱਗੇ ਵੱਤ ਲਾਹੇਵੰਦ ਹੈ। ਇਸ ਨਾਲ ਸ੍ਵਣ ਕਰਦਿਆਂ ਮਨ ਨੂੰ ਸ਼ਾਂਤੀ ਅਨੁਭਵ ਹੁੰਦੀ ਹੈ। ਪਾਪ ਵੀ ਦਗਧ ਹੁੰਦੇ ਹਨ, ਪਰ ਜਿਵੇਂ ਚੁੱਲ੍ਹੇ ਦੀ ਅੱਗ ਪਾਣੀ ਦੀ ਗੜਵੀ ਪੈ ਜਾਣ ਨਾਲ ਬੁਝ ਜਾਂਦੀ ਹੈ। ਇਸੇ ਤਰ੍ਹਾਂ ਇਕਾਗਰਤਾ ਨਾਲ ਸੁਣਿਆ ਹੋਇਆ ਵੀ ਕੰਮਾਂ-ਕਾਜਾਂ ਵਿੱਚ ਪੈ ਕੇ ਭੁੱਲ ਜਾਂਦਾ ਹੈ। ਉਹ ਸ਼ਾਂਤੀ ਅਤੇ ਟਿਕਾਓ ਨਹੀਂ ਰਹਿੰਦਾ। ਸੁਣੇ ਦਾ ਲਾਭ ਮੰਨੇ ਤੋਂ ਜ਼ਿਆਦਾ ਹੈ। ਮੰਨਣਾ ਬਿਜਲੀ ਦੀ ਅੱਗ ਵੱਤ ਹੈ। ਜਿਵੇਂ ਬਿਜਲੀ ਦੀ ਅੱਗ ਜੰਗਲਾਂ ਦੇ ਜੰਗਲ ਸਾੜ ਕੇ ਸਵਾਹ ਕਰ ਦਿੰਦੀ ਹੈ। ਇਸੀ ਤਰ੍ਹਾਂ ਮੰਨਣਾ, ਭਾਵ ਸਰਵਣ ਕਰਕੇ ਵਿਚਾਰ ਕੇ ਧਾਰਨ ਕਰਨਾ, ਉਪਦੇਸ਼ ਕਮਾਉਣਾ ਪਾਪਾਂ ਦੇ ਪਹਾੜਾਂ ਨੂੰ ਦਗਧ ਕਰ ਦਿੰਦਾ ਹੈ। ਉਪਦੇਸ਼ ਕਮਾਉਂਦਿਆਂ ਮਨ ਸ਼ਾਂਤ ਹੁੰਦਾ ਜਾਂਦਾ ਹੈ। ਜਿਉਂ-ਜਿਉਂ ਉਪਦੇਸ਼ ਕਮਾਉਂਦਾ ਹੈ, ਮਨ ਦੀ ਸ਼ਾਂਤੀ ਵੱਧਦੀ ਜਾਂਦੀ ਹੈ। ਇਸ ਤੋਂ ਅੱਗੇ ਹੈ ਕਮਾਈ ਕਰਕੇ ਨੇਸ਼ਟਾਂ ਵਿੱਚ ਆਉਣਾ। ਇਹ ਸਮੁੰਦਰ ਦੀ ਬੜਵਾਗਨ ਵੱਤ ਹੈ ਜੋ ਪਾਪਾਂ ਨੂੰ ਸਾੜ ਦਿੰਦੀ ਹੈ। ਇਸ ਤੋਂ ਅੱਗੇ ਹੈ ਅਭਿਆਸ ਕਰਦਿਆਂ ਜੀਵਨ ਮੋਖ ਦੀ ਅਵਸਥਾ ਤੇ ਪਹੁੰਚ ਜਾਣਾ। ਇਹ ਪਰਲੋ ਦੀ ਅੱਗ ਦੀ ਨਿਆਈ ਹੈ। ਪਰਲੋ ਦੀ ਅੱਗ ਸਭ ਕੁਝ ਭਸਮ ਕਰ ਦਿੰਦੀ ਹੈ, ਇਵੇਂ ਹੀ ਹੰਗਤਾ ਨਸ਼ਟ ਹੋ ਜਾਂਦੀ ਹੈ। ਮਨੋ ਨਾਸ਼ ਵਾਸ਼ਨਾ ਖੈ ਹੋ ਕੇ ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ। ਸਾਰੇ ਬ੍ਰਹਮ ਵਿਆਪਕ ਨਿਸ਼ਚੇ ਹੋ ਜਾਂਦਾ ਹੈ। ਦੁੱਖ-ਅੰਦੇਸ਼ੇ ਜਨਮ-ਮਰਨ ਆਦਿ ਨਹੀਂ ਰਹਿੰਦੇ। ਸੋ, ਮਨ ਦੇ ਟਿਕਾਓ ਲਈ ਸਤਿਪੁਰਖਾਂ ਦੇ ਬਚਨ ਇਕਾਗਰਤਾ ਨਾਲ ਸੁਣਨੇ ਅਤੇ ਫਿਰ ਕਮਾਉਣੇ, ਇਹ ਸਾਧਨ ਅਤਿ ਜ਼ਰੂਰੀ ਹਨ।

ਸਤਿਪੁਰਖਾਂ ਦੇ ਬਚਨ ਤਿੰਨ ਤਰ੍ਹਾਂ ਦੇ ਹੁੰਦੇ ਹਨ- ਪਹਿਲੇ ਜੋ ਜੀਵਨ ਵਿੱਚ ਧਾਰਨ ਕਰਨ ਯੋਗ ਸਿਧਾਂਤ ਦੱਸਣ। ਦੂਸਰੇ ਜੋ ਤਿਆਗਣ ਯੋਗ ਗੱਲਾਂ ਦੱਸਣ ਭਾਵ ਕੁਰਹਿਤਾਂ ਬਾਰੇ ਦੱਸਣ। ਤੀਸਰਾ ਸੇਵਾ ਸਿਮਰਨ ਦੀਆਂ ਜੁਗਤੀਆਂ ਦੱਸਣ ਬਾਰੇ ਬਚਨ। ਇਨ੍ਹਾਂ ਬਚਨਾਂ ਨੂੰ ਇਕਾਗਰਤਾ ਨਾਲ ਸਰਵਣ ਕਰਨਾ, ਵਿਚਾਰਨਾ ਅਤੇ ਕਮਾਉਣਾ ਭਾਵ ਜੀਵਨ ਜੁਗਤ ਅਪਨਾਉਣਾ ਕੁਰਹਿਤਾਂ ਛੱਡਣੀਆਂ ਅਤੇ ਸੇਵਾ ਸਿਮਰਨ ਦੀਆਂ ਜੁਗਤੀਆਂ ਮਨ ਦੇ ਟਿਕਾਓ ਵੱਲ ਜਾਣ ਦੇ ਸਾਧਨ ਹਨ, ਜਿਨ੍ਹਾਂ ਬਾਰੇ ਬਾਬਾ ਜੀ ਨੇ ਵਿਸਥਾਰ ਨਾਲ ਦੱਸਿਆ।

ਬਾਬਾ ਕਿਸ਼ਨ ਸਿੰਘ ਜੀ ਵੀ ਕੋਲ ਬੈਠੇ ਸਨ। ਸਾਰੀ ਸੇਵਾ ਆਪ ਜੀ ਹੀ ਕਰਵਾ ਰਹੇ ਸਨ। ਬਿਸਤਰੇ, ਫਰਸ਼, ਚਾਦਰਾਂ, ਲੰਗਰ ਆਦਿ ਦਾ ਪ੍ਰਬੰਧ ਵੀ ਆਪ ਹੀ ਕਰਦੇ ਸਨ। ਸੰਗਤ ਵਿੱਚੋਂ ਜਗਿਆਸੂ ਬਚਨਾਂ ਤੋਂ ਲਾਹਾ ਪ੍ਰਾਪਤ ਕਰ ਰਹੇ ਸਨ ਅਤੇ ਸ਼ੰਕਾਵਾਂ ਨਵਿਰਤ ਕਰ ਰਹੇ ਸਨ।

ਕਲੇਰ੍ਹਾਂ ਵਾਲੇ ਮਹਾਂਪੁਰਸ਼ਾਂ ਨੇ ਬਚਨ ਕਰਦਿਆਂ ਸੁਮੱਤ ਦਿੱਤੀ ਕਿ ਮਹਾਂਪੁਰਖ ਕਰਮਾਂ ਅਧੀਨ ਨਹੀਂ ਹੁੰਦੇ, ਜਗਿਆਸੂਆਂ ਦੇ ਪੁੰਨਾਂ ਦੇ ਆਸਰੇ ਹੀ ਮਹਾਂਪੁਰਖਾਂ ਦੀ ਦੇਹ ਹੁੰਦੀ ਹੈ। ਆਪ ਜੀ ਨੇ ਦ੍ਰਿਸ਼ਟਾਂਤ ਦਿੱਤਾ ਕਿ ਜਿਵੇਂ ਖੂਹ ਦੀ ਲੱਜ ਪਾਣੀ ਭਰਨ ਵਾਲੇ ਦੇ ਹੱਥ ਹੁੰਦੀ ਹੈ, ਉਹ ਭਾਵੇਂ ਉਸੇ ਵੇਲੇ ਪਾਣੀ ਦਾ ਭਰਿਆ ਡੋਲ ਕੱਢ ਲਵੇ, ਭਾਵੇਂ ਕੁਝ ਦੇਰ ਬਾਅਦ ਕੱਢੇ। ਇਸੇ ਤਰ੍ਹਾਂ ਮਹਾਂਪੁਰਖਾਂ ਦੀ ਕਿਰਿਆ ਸੰਗੀਆਂ ਦੇ ਹੱਥ ਹੈ, ਉਨ੍ਹਾਂ ਦੇ ਪੁੰਨ ਪ੍ਰੇਮ ਦੀ ਕੁੰਡੀ ਬਣ ਕੇ ਮਹਾਂਪੁਰਖਾਂ ਨੂੰ ਖਿੱਚ ਪਾਉਂਦੇ ਹਨ ਅਤੇ ਮਹਾਂਪੁਰਖਾਂ ਤੋਂ ਲਾਹੇ ਪ੍ਰਾਪਤ ਕਰਦੇ ਹਨ।

ਕੁਝ ਸਮੇਂ ਬਾਅਦ ਕਲੇਰ੍ਹਾਂ ਵਾਲੇ ਮਹਾਂਪੁਰਖਾਂ ਨੇ ਚਾਲੇ ਪਾਉਣ ਦੀ ਤਿਆਰੀ ਕਰ ਲਈ। ਸੰਗਤਾਂ ਨੇ ਕੁਝ ਸਮਾਂ ਹੋਰ ਰੁਕਣ ਦੀ ਬੇਨਤੀ ਕੀਤੀ ਤਾਂ ਮਹਾਂਪੁਰਖਾਂ ਨੇ ਬਾਬਾ ਈਸ਼ਰ ਸਿੰਘ ਜੀ ਵੱਲ ਇਸ਼ਾਰਾ ਕਰਦਿਆਂ ਬਚਨ ਕੀਤਾ, ''ਇੱਥੇ ਗੁਰੂ ਨਾਨਕ ਨੇ ਚੰਬੇ ਦਾ ਬੂਟਾ ਲਾਇਆ ਹੈ। ਤੁਸੀਂ ਮਹਾਂਪੁਰਖਾਂ ਦੀ ਸੰਗਤ ਕਰਿਆ ਕਰੋ।''

(ਬਾਬਾ) ਮੀਹਾਂ ਸਿੰਘ ਜੀ ਨੇ ਸਿਆੜ ਚੱਲਣ ਦੀ ਬੇਨਤੀ ਕੀਤੀ ਤਾਂ ਮਹਾਂਪੁਰਖਾਂ ਨੇ ਬਚਨ ਕੀਤਾ, ''ਉੱਥੇ ਤੂੰ ਜੁ ਹੈਗਾ ਐ! ਸੰਗਤ ਨੂੰ ਸਾਖੀਆਂ ਸੁਣਾਇਆ ਕਰ।'' ਇਹ ਇੱਕ ਰਮਜ਼ ਸੀ। (ਸੰਤ) ਮੀਹਾਂ ਸਿੰਘ ਜੀ ਨੇ ਦੇਸ਼-ਵਿਦੇਸ਼ ਵਿੱਚ ਲੱਖਾਂ ਪ੍ਰੇਮੀਆਂ ਨੂੰ ਗੁਰ ਚਰਨਾਂ ਨਾਲ ਜੋੜਿਆ। ਪਿਆਰ ਸਹਿਤ ਵਿਦਾ ਲੈ ਕੇ ਕਲੇਰ੍ਹਾਂ ਵਾਲੇ ਮਹਾਂਪੁਰਖਾਂ ਨੇ ਕਲੇਰ੍ਹਾਂ ਵੱਲ ਚਾਲੇ ਪਾ ਦਿੱਤੇ। ਜੋ ਪ੍ਰੇਮੀ ਉਸ ਵੇਲੇ ਹਾਜ਼ਰ ਸਨ, ਉਨ੍ਹਾਂ ਲਈ ਇਹ ਸਮਾਂ ਅਭੁੱਲ ਯਾਦ ਬਣ ਗਈ ਸੀ।

—ਚਲਦਾ

# ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲਿਆਂ ਦੀਆਂ ਵਡਿਆਈਆਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

*—ਜਸਵਿੰਦਰ ਸਿੰਘ ਪਟਿਆਲਾ*

*ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥*
*ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥*
*ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥*

*(ਅੰਗ ੬੫੩)*

ਬਾਬਾ ਈਸ਼ਰ ਸਿੰਘ ਜੀ ਦਾ ਜਨਮ ਦਿਨ ਆ ਰਿਹਾ ਹੈ। ਇਹ ਜਿਹੜੇ ਮਹਾਂਪੁਰਸ਼ ਨਿਜ ਘਰ ਵਿੱਚ ਪਹੁੰਚ ਜਾਂਦੇ ਹਨ, ਫਿਰ ਉਨ੍ਹਾਂ ਦੀ ਜੁਗ ਜੁਗ ਸੋਭਾ ਹੈ।

*ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥*

ਇਹ ਨਿਜ ਘਰ ਵਾਸ ਹੈ :

*ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥*
*ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥*
*ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥*

*(ਸ੍ਰੀ ਜਪੁਜੀ ਸਾਹਿਬ)*

ਇੱਥੇ ਸੀਤੋ ਸੀਤਾ ਦਾ ਅਰਥ, ਰਾਮ ਜੀ ਵਾਲੇ ਸੀਤਾ ਜੀ ਨਹੀਂ, ਸੀਤੋ ਸੀਤਾ ਦਾ ਅਰਥ ਨਾਮ ਨਾਲ ਜਿਨ੍ਹਾਂ ਦਾ ਮਨ ਸੀਤਾ ਗਿਆ, ਨਾਮ ਦੀ ਮਹਿਮਾ ਵਡਿਆਈ ਨਾਲ ਜਿਨ੍ਹਾਂ ਦਾ ਮਨ ਸੀਤਾ ਗਿਆ।

*ਨਾ ਓਹਿ ਮਰਹਿ ਨ ਠਾਗੇ ਜਾਹਿ ॥*
*ਜਿਨ ਕੈ ਰਾਮੁ ਵਸੈ ਮਨ ਮਾਹਿ ॥*

ਸ਼ਬਦ :

*ਸਤਿਗੁਰੁ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ ॥*
*ਭਉਜਲਿ ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ ॥*
*ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥*
*ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥*
*ਜਨ ਨਾਨਕ ਜਿਨ ਕਉ ਕ੍ਰਿਪਾ ਭਈ ਤਿਨ ਸੇਵਿਆ ਸਿਰਜਣਹਾਰੁ ॥*

*(ਅੰਗ ੩੧੩)*

ਸਾਰੇ ਮਾਈ ਭਾਈ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਇੱਕ ਪੂਰਨ ਮਹਾਂਪੁਰਸ਼, ਬਾਬਾ ਈਸ਼ਰ ਸਿੰਘ ਜੀ ਕਲੇਰ੍ਹਾਂ ਵਾਲਿਆਂ ਦਾ ਜਨਮ ਦਿਨ ਆ ਰਿਹਾ ਹੈ, ਜਿਨ੍ਹਾਂ ਨੇ ਸਾਰੀ ਜ਼ਿੰਦਗੀ ਸੰਗਤਾਂ ਨੂੰ ਅੰਮ੍ਰਿਤ ਵੇਲੇ, ਅੰਮ੍ਰਿਤ ਬਾਣੀ ਤੇ ਅੰਮ੍ਰਿਤ ਬਾਟੇ ਦੇ ਨਾਲ ਜੋੜਿਆ ਹੈ। ਬਾਬਾ ਈਸ਼ਰ ਸਿੰਘ ਜੀ ਦੇ ਜੀਵਨ ਵਿੱਚੋਂ ਇਨ੍ਹਾਂ ਪੰਕਤੀਆਂ ਦੀ ਵੀ ਖੁਸ਼ਬੂ ਆਉਂਦੀ ਹੈ :

*ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥*

*(ਅੰਗ ੧੪੨੨)*

ਬੜੀ ਤਕੜੀ ਚਾਕਰੀ ਕੀਤੀ ਹੈ। ਤੁਸੀਂ ਕੁਫਰੀ ਦਾ ਬਚਨ ਸੁਣਿਆ ਹੈ। ਕੈਸੀ ਕਰੜੀ ਚਾਕਰੀ ਕਿ ਬਾਬਾ ਨੰਦ ਸਿੰਘ ਜੀ ਸਮਾਧੀ ਵਿੱਚ ਬੈਠੇ। ਉੱਤੋਂ ਦੋਵੇਂ ਪਹਾੜੀਆਂ ਜੁੜਦੀਆਂ ਸੀ, ਘੜੇ ਦੇ ਮੱਟ ਵਾਂਗ। ਕਿਵੇਂ

ਆਪਣੀ ਦਸਤਾਰ ਉਸ ਪੱਥਰ ਤੇ ਵਿਛਾ ਕੇ, ਚੋਲਾ ਸਿਰ ਤੇ ਬੰਨ ਕੇ, ਉੱਤੇ ਲੰਮੇ ਪੈ ਗਏ ਕਿ ਮੁਰਸ਼ਦ ਸਮਾਧੀ ਵਿੱਚ ਹੈ, ਕਿਧਰੇ ਸਮਾਧੀ ਟੁੱਟ ਨਾ ਜਾਵੇ। ਸਾਰੀ ਰਾਤ ਬਾਰਸ਼ ਪੈਂਦੀ ਰਹੀ। ਸਾਰਿਆਂ ਸੇਵਕਾਂ ਨੇ ਬਾਬਾ ਈਸ਼ਰ ਸਿੰਘ ਜੀ ਬਾਰੇ ਕਿਹਾ, ਕਿ ਇਸਨੇ ਬਹੁਤ ਮੀਂਹ ਝੱਲਿਆ। ਫਿਰ ਬਾਬਾ ਨੰਦ ਸਿੰਘ ਜੀ ਨੇ ਬਚਨ ਕੀਤਾ। ਜਿਸ ਸਰੀਰ ਨੇ ਦੁਨੀਆਂ ਦਾ ਭਾਰ ਝੱਲਣਾ ਹੈ, ਉਹ ਪੱਕਾ ਹੋ ਗਿਆ ਹੈ।

*ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥*
*(ਅੰਗ ੧੪੨੨)*

ਅੱਜ ਕੱਲ੍ਹ ਦਾ ਚੇਲਾ ਤਾਂ ਇੰਨੀ ਗੱਲ ਹੀ ਨਹੀਂ ਸੁਣਦਾ। ਬਾਬਾ ਜੀ ਦੇ ਪੈਰ੍ਹਾਂ ਵਿੱਚ ਇੰਨੀਆਂ-ਇੰਨੀਆਂ ਬਿਆਈਆਂ ਪੈ ਜਾਂਦੀਆਂ ਸਨ, ਫੱਟ ਪੈ ਜਾਂਦੇ ਸਨ। ਮੁਰਸ਼ਦ ਦੀ ਸੇਵਾ ਵਿੱਚ ਇੰਨੀ ਵੱਡੀ ਕਰੜੀ ਘਾਲਣਾ ਸੀ ਕਿ ਬੈਠੇ-ਬੈਠੇ ਜਿੰਨੀ ਕੁ ਝੋਕ ਲੱਗ ਜਾਵੇ ਬੱਸ ਉਹੀ ਨੀਂਦ ਤੇ ਕਈ ਵਾਰ ਉਸ ਝੋਕ ਵਿੱਚੋਂ ਮੂੰਹੋਂ ਬੋਲ ਨਿਕਲਦੇ ਸੀ, ਆਇਆ ਜੀ। ਸ਼ਾਇਦ ਬਾਬਾ ਜੀ ਦੀ ਅੰਦਰੋਂ ਅਵਾਜ਼ ਪੈ ਗਈ। ਇੰਨੀ ਕਰੜੀ ਘਾਲਣਾ ਸੀ।

*ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥*
*(ਅੰਗ ੧੪੨੨)*

ਜਿਨ੍ਹਾਂ ਦਾ ਜਨਮ ਦਿਨ ਆ ਰਿਹਾ ਹੈ, ਰਾਤ ਅਗਰ ਨੌਂ ਵਜੇ ਵਾਪਸ ਮੁੜੇ ਹਨ, ਦਸ ਵਜੇ ਵਾਪਸ ਮੁੜੇ ਹਨ, ਗਿਆਰ੍ਹਾਂ ਵਜੇ ਮੁੜੇ ਹਨ, ਬਾਰ੍ਹਾਂ ਵਜੇ ਮੁੜੇ ਹਨ, ਇੱਕ ਵਜੇ ਮੁੜੇ ਹਨ, ਕਿੱਥੋਂ ਮੁੜ ਕੇ ਆਏ ਹਨ? ਸੰਗਤਾਂ ਨੂੰ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਬੇੜੇ ਵਿੱਚ ਬਿਠਾ ਕੇ ਆਏ ਹਨ। ਇਹ ਨਾਨਕਸਰ ਸੰਪਰਦਾ ਦੀਆਂ ਜਿੰਨੀਆਂ ਕਿਤਾਬਾਂ ਪੜ੍ਹ ਲਓ ਜਾਂ ਤਾਂ ਉੱਥੋਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਦੀ ਤੁਹਾਨੂੰ ਪ੍ਰੇਰਨਾ ਮਿਲੇਗੀ ਕਿ ਇਹ ਕਰਨੀ ਕਿਵੇਂ ਹੈ ਜਾਂ ਨਿਤਨੇਮ ਦੀ ਗੱਲ ਮਿਲੇਗੀ ਕਿ ਕਿੰਨਾ ਨੇਮ ਕਰਨਾ ਹੈ ਜਾਂ ਫਿਰ ਗ੍ਰਿਹਿਸਥੀ ਨੂੰ ਆਪਣੀ ਧਰਮ ਦੀ ਕਿਰਤ ਕਰਕੇ ਵਿੱਚੋਂ ਦਸਵੰਧ ਕੱਢਣ ਦੀ ਹਦਾਇਤ ਮਿਲੇਗੀ ਜਾਂ ਅੰਮ੍ਰਿਤ ਛਕਣ ਦੀ ਪ੍ਰੇਰਨਾ ਮਿਲੇਗੀ ਜਾਂ ਕਿਰਤ ਸਹੀ ਕਰਨ ਦੀ ਪ੍ਰੇਰਨਾ ਮਿਲੇਗੀ। ਸਤਿਗੁਰੂ ਜੀ ਨੇ ਬਾਣੀ ਵਿੱਚ ਫਿਰ ਇਹ ਕਹਿਣਾ ਕੀਤਾ ਹੈ :

*ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥*
*(ਅੰਗ ੩੧੩)*

ਮਹਾਰਾਜ ਜੀ ਨੇ ਬਾਣੀ ਵਿੱਚ ਆਖਿਆ ਹੈ :

*ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥*
*ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥*
*(ਅੰਗ ੧੧੨੩)*

ਕਿਤਾਬਾਂ ਵਿੱਚੋਂ ਪੜ੍ਹ ਕੇ ਵੀ ਦੁਨੀਆਂ ਨੇਮ ਕਰ ਸਕਦੀ ਹੈ। ਕਈ ਵਾਰ ਕਿਸੇ ਬਖਸ਼ੇ ਵੱਲੋਂ ਜੁਗਤੀ ਮਿਲ ਜਾਂਦੀ ਹੈ ਕਿ ਕਿਵੇਂ ਨੇਮ ਕਰਨਾ ਹੈ ਤੇ ਨਾਲ ਅਰਦਾਸ ਸ਼ਾਮਲ ਹੋ ਜਾਂਦੀ ਹੈ, ਜਿਸ ਨੇ ਨੇਮ ਦਾ ਪ੍ਰਣ ਲਿਆ ਹੈ, ਸਤਿਗੁਰੂ ਜੀ ਇਸ ਨੂੰ ਵੀ ਪ੍ਰੇਮ ਨੇਮ ਨਾਲ ਜੋੜ ਦੇਈਂ।

*ਗਨਕਾ ਪਾਪਨ ਹੋਇਕੈ ਪਾਪਾਂ ਦਾ ਗਲ ਹਾਰ ਪਰੋਤਾ ॥*
*ਮਹਾਂ ਪੁਰਖ ਅਚਾਣਚਕ ਗਣਕਾ ਵਾੜੇ ਆਇ ਖਲੋਤਾ ॥*
*(ਵਾਰ : ੧੦, ਪਉੜੀ ੨੧)*

ਹੈ ਤਾਂ ਉਹ ਤੋਤਾ ਹੀ ਸੀ ਕਿ ਇਸ ਦੇ ਜ਼ਰੀਏ ਵੇਸਵਾ ਨੂੰ ਰਾਮ ਰਾਮ ਜਪਾਉਣਾ ਹੈ ਪਰ ਨਾਲ ਕਮਾਈ ਸੀ ਮਹਾਂਪੁਰਸ਼ਾਂ ਦੀ, ਅਰਦਾਸ ਸੀ ਮਹਾਰਾਜ, ਇਸ ਨੂੰ ਵੀ ਜੋੜ ਦੇਣਾ। ਇੱਕ ਪਰਵਾਰ ਨੂੰ ਬੜੀਆਂ ਹੀ ਚਾਵਾਂ, ਬੜੀਆਂ ਹੀ ਚਾਵਾਂ ਕਿ ਸਮਾਂ ਆਇਆ ਹੈ ਮੇਰੇ ਘਰ ਮੁੰਡਾ ਹੋਵੇਗਾ, ਲੜਕਾ ਹੋਵੇਗਾ। ਜਦੋਂ ਜਨਮ ਹੋਇਆ ਤੇ ਹੋਈ ਲੜਕੀ। ਸਾਰਾ ਪਰਿਵਾਰ ਦਿਲ ਛੱਡ ਗਿਆ। ਲੜਕੀ ਹੋ ਗਈ। ਸਾਡੇ ਨਾਲ ਕੀ ਬਣਿਆ? ਮਹਾਂਪੁਰਸ਼ਾਂ ਦੀ ਕਰਦੇ ਸੀ ਸੰਗਤ। ਉਨ੍ਹਾਂ ਨੂੰ ਘਰ ਸੱਦਿਆ ਕਿ ਮਹਾਂਪੁਰਸ਼ੋ, ਇਹ ਸਾਡੇ ਨਾਲ ਕੀ ਬਣਿਆ? ਲੜਕੀ ਨੇ ਜਨਮ ਲੈ ਲਿਆ ਹੈ। ਸਾਨੂੰ ਤਾਂ ਬੜੀਆਂ ਆਸਾਂ ਸੀ ਕਿ ਲੜਕਾ ਹੋਵੇਗਾ। ਜਿਵੇਂ ਅੱਜ ਕਲ੍ਹ ਦੌੜ ਹੈ। ਇਹ ਅਰਦਾਸ ਕਰਿਆ ਕਰੋ। ਲੜਕਾ ਹੋਵੇ ਭਾਵੇਂ ਲੜਕੀ ਹੋਵੇ ਪਰ ਸਾਡੀ ਅਰਦਾਸ ਹੋਵੇ ਕਿ ਮਹਾਰਾਜ ਜੀ ਤੇਰੇ ਚਰਨਾਂ ਨਾਲ ਜੁੜਨ ਵਾਲੀ ਰੂਹ ਹੋਵੇ, ਆਗਿਆਕਾਰੀ ਹੋਵੇ। ਦਾਸ ਸਟੇਜ ਤੋਂ ਬੇਨਤੀ

ਕਰਦਾ ਹੈ, ਕਈ ਵਾਰ ਹੋ ਸਕਦਾ ਹੈ, ਲੜਕਾ ਇੰਨਾ ਆਗਿਆਕਾਰੀ ਨਾ ਹੋਵੇ ਜਿੰਨਾ ਜਵਾਈ ਆਗਿਆਕਾਰੀ ਹੋਵੇ। ਕੋਈ ਪਤਾ ਨਹੀਂ। ਕਈ ਜਵਾਈ ਪੁੱਤਰਾਂ ਤੋਂ ਵੱਧ ਪਿਆਰ ਲੈ ਜਾਂਦੇ ਹਨ। ਇਹ ਅਰਦਾਸ ਕਰਿਆ ਕਰੋ, ਲੜਕਾ ਹੋਵੇ ਜਾਂ ਲੜਕੀ ਹੋਵੇ, ਪਰ ਆਗਿਆਕਾਰੀ ਹੋਵੇ ਤੇ ਤੇਰੇ ਚਰਨਾਂ ਨਾਲ ਜੁੜਨ ਵਾਲੀ ਰੂਹ ਹੋਵੇ। ਕੁਝ ਅਗਿਆਨਤਾ ਸੀ ਪਰ ਮਹਾਂਪੁਰਸ਼ਾਂ ਦੀ ਸੰਗਤ ਕਰਦੇ ਸੀ। ਬੁਲਾ ਲਿਆ, ਮਹਾਂਪੁਰਸ਼ੋ, ਸਾਡੇ ਨਾਲ ਇਹ ਕਿਉਂ ਹੋਇਆ? ਲੜਕੀ ਹੋ ਗਈ। ਚਲੋ ਬਈ, ਉਸ ਲੜਕੀ ਦੇ ਦਰਸ਼ਨ ਕਰਾਉ। ਜਦੋਂ ਉਸ ਕਮਰੇ ਵਿੱਚ ਖੜ੍ਹਿਆ। ਉਨ੍ਹਾਂ ਮਹਾਂਪੁਰਸ਼ਾਂ ਨੇ ਜਦੋਂ ਲੜਕੀ ਦਾ ਮਸਤਕ ਵੇਖਿਆ। ਉਸ ਬੱਚੀ ਨੂੰ ਦੇਖਿਆ। ਕਹਿਣ ਲੱਗੇ, ਭੋਲਿਓ, ਇੰਨਾ ਮਨ ਨਾ ਭਰੋ। ਇਹ ਲੜਕੀ ਆਮ ਲੜਕੀ ਨਹੀਂ, ਬੜੇ ਪਰਤਾਪ ਵਾਲੀ ਹੋਵੇਗੀ। ਬਹੁਤ ਸਾਰੀ ਸੰਗਤ ਦੇ ਪ੍ਰੇਮੀ ਕਈ ਵਾਰ ਸਵਾਲ ਕਰ ਦਿੰਦੇ ਹਨ ਕਿ ਜਿਹੜੇ ਕਮਾਈ ਵਾਲੇ, ਕਰਨੀ ਵਾਲੇ, ਕਹਿੰਦੇ, ਮੱਥਾ ਕਿਵੇਂ ਪੜ੍ਹ ਲੈਂਦੇ ਹਨ। ਮਸਤਕ ਕਿਵੇਂ ਪੜ੍ਹ ਲੈਂਦੇ ਹਨ? ਇਹ ਗੱਲਾਂ ਤਾਂ ਚਲੋ ਰਮਜ਼ ਦੀਆਂ ਹਨ। ਮਹਾਂਪੁਰਸ਼ ਕਈ ਵਾਰ ਬੰਦਗੀ ਕਰਕੇ ਉਸ ਅਵਸਥਾ ਤੇ ਪਹੁੰਚ ਜਾਂਦੇ ਹਨ ਕਿ ਜਿਸ ਬੱਚੇ ਨੂੰ ਦੇਖ ਕੇ ਹੀ ਉਨ੍ਹਾਂ ਨੂੰ ਅੰਦਰੋ ਅਨੁਭਵ ਹੋ ਜਾਂਦਾ ਹੈ ਕਿ ਇਸ ਦੀ ਅਗਲੀ ਕਾਇਆ ਕੀ ਹੈ। ਉਹ ਉੱਥੋਂ ਜਵਾਬ ਦਿੰਦੇ ਹਨ। ਜੋ ਅੰਦਰੋਂ ਪ੍ਰਾਪਤ ਹੁੰਦਾ ਹੈ। ਬਾਬਾ ਫਰੀਦ ਜੀ ਨੂੰ ਵੀ ਅਕਾਸ਼ਵਾਣੀ ਹੋਈ ਸੀ। ਤੁਹਾਡੇ ਬਾਰ੍ਹਾਂ ਸਾਲ ਖੂਹ ਵਿੱਚ ਪੁੱਠੇ ਲਟਕਣਾ ਵੀ ਮੁਬਾਰਕ, 12 ਸਾਲ ਸੁੱਕੇ ਪੱਤੇ ਖਾ ਕੇ ਗੁਜ਼ਾਰਨੇ ਵੀ ਮੁਬਾਰਕ ਪਰ ਫਰੀਦ ਜੀ, ਤਦ ਤੱਕ ਗੱਲ ਨਹੀਂ ਬਣਨੀ ਜਦ ਤੱਕ ਤੁਸੀਂ ਗੁਰੂ ਵਾਲੇ ਨਹੀਂ ਬਣੋਗੇ। ਬਾਬਾ ਫਰੀਦ ਜੀ ਉੱਥੇ ਪਹੁੰਚ ਗਏ ਸੀ ਕਿ ਅਕਾਸ਼ਵਾਣੀ ਹੋ ਜਾਣੀ। ਕਈ ਕਹਿੰਦੇ ਹਨ, ਮਸਤਕ ਕਿਵੇਂ ਪੜ੍ਹ ਲੈਂਦੇ ਹੋ? ਇੱਕ ਇਹ ਢੰਗ ਹੈ, ਅਕਾਸ਼ਵਾਣੀ ਹੋ ਜਾਣੀ। ਦੂਜਾ ਜਿਹੜਾ ਮਹਾਂਪੁਰਸ਼ ਹਨ, ਉਹ ਕਈ ਵਾਰ ਉੱਥੇ ਪਹੁੰਚੇ ਹੁੰਦੇ ਹਨ ਕਿ ਉਨ੍ਹਾਂ ਨੂੰ ਕੁਦਰਤ ਵਿੱਚੋਂ ਜਵਾਬ ਮਿਲਦਾ ਹੈ। ਵਿਚਰ ਰਹੀ ਕੁਦਰਤ ਵਿੱਚੋਂ। ਚੱਲ ਰਹੀ ਕੁਦਰਤ ਵਿੱਚੋਂ ਜਵਾਬ ਮਿਲਦਾ ਹੈ। ਕੋਈ ਉਸ ਦੇ ਮਨ ਵਿੱਚ ਗੱਲ ਆਈ ਕਿ ਇਸ ਦਾ ਕੀ ਬਣੇਗਾ? ਉਹ ਫਿਰ ਕੁਦਰਤ ਵਿੱਚ ਨਜ਼ਰ ਫੇਰਦਾ ਹੈ। ਉਸ ਦੀ ਨਜ਼ਰ ਫਿਰ ਸਾਹਮਣੇ ਜਿਹੜੀ ਚੀਜ਼ ਤੇ ਪਵੇ, ਉਸ ਨੂੰ ਉਸ ਵਿੱਚੋਂ ਜਵਾਬ ਪ੍ਰਗਟ ਹੁੰਦਾ ਹੈ। ਲਿਖੇ ਵਿੱਚੋਂ ਵੀ ਹੋ ਸਕਦਾ ਹੈ। ਕੋਈ ਅਸਥੂਲ ਚੀਜ਼ ਵਿੱਚੋਂ ਵੀ ਹੋ ਸਕਦਾ ਹੈ। ਰਮਜ਼ ਦੀ ਗੱਲ ਹੈ।

ਇੱਕ ਘਰ ਵਿੱਚ ਦਾਸ ਦਾ ਅੱਧਾ-ਪੌਣਾ ਘੰਟਾ ਕੋਈ ਗੱਲਾਂ ਵਿੱਚ ਬਤੀਤ ਹੋਇਆ। ਵਾਪਸ ਜਾਣ ਵੇਲੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਮਰਾ ਸੀ। ਦਾਸ ਨੇ ਮੱਥਾ ਟੇਕਿਆ, ਵਾਪਸੀ ਜਾਣ ਲੱਗਿਆਂ। ਜਦੋਂ ਮੱਥਾ ਟੇਕਿਆ ਤੇ ਗੁਰੂ ਸਾਹਿਬ ਅੱਗੇ ਅਰਦਾਸ ਕੀਤੀ, ਮਹਾਰਾਜ ਜੀ, ਅੱਧਾ ਪੌਣਾ ਘੰਟਾ ਬੀਤਿਆ ਹੈ, ਸੱਚੇ ਪਾਤਸ਼ਾਹ, ਗਰੀਬ ਨਿਵਾਜ ਜੀ! ਇਹ ਕਿਸ ਥਾਂਏਂ ਪਿਆ ਹੈ ਜਾਂ ਘਾਟੇ 'ਚ ਹੈ। ਇਹ ਨਹੀਂ ਕਿ ਕਲਗੀਧਰ ਪਿਤਾ ਜੀ ਨੇ ਚੌਂਕੜਾ ਮਾਰ ਕੇ ਜਵਾਬ ਦੇਣਾ ਹੈ। ਤੁਹਾਨੂੰ ਕੁਦਰਤ ਨੇ ਜਵਾਬ ਦੇਣਾ ਹੈ। ਦਾਸ ਨੇ ਕਿਹਾ ਕਿ ਮਹਾਰਾਜ ਜੀ, ਇਹ ਅੱਧਾ ਪੌਣਾ ਘੰਟਾ ਜਿਹੜਾ ਬੀਤਿਆ ਹੈ, ਦੁਚਿੱਤੀ ਜਿਹੀ ਹੈ, ਕਿਵੇਂ? ਗੁਰੂ ਸਾਹਿਬ ਅੱਗੇ ਅਰਦਾਸ ਕਰਕੇ ਕੰਧ ਤੇ ਨਿਗ੍ਹਾ ਮਾਰਨੀ ਸ਼ੁਰੂ ਕੀਤੀ। ਇਹ ਗੱਲਾਂ ਰਮਜ਼ ਦੀਆਂ ਹਨ। ਦੱਸੀਆਂ ਨਹੀਂ ਜਾਂਦੀਆਂ ਹਨ ਪਰ ਦਾਸ ਚਾਹੁੰਦਾ ਹੈ ਕਿ ਸਾਰੇ ਹੀ ਸੰਤ ਅਵਸਥਾ ਵਿੱਚ ਆ ਜਾਣ। ਦਿਲ ਦੀ ਰੀਝ ਹੈ। ਕੁਝ ਲੁਕੋ ਕੇ ਰੱਖਣ ਨੂੰ ਦਿਲ ਨਹੀਂ ਕਰਦਾ। ਅਰਦਾਸ ਕਰਕੇ ਦਾਸ ਨੇ ਕੰਧ ਤੇ ਨਿਗ੍ਹਾ ਕੀਤੀ। ਕੁਦਰਤ ਵਿੱਚੋਂ ਤੁਹਾਨੂੰ ਜਵਾਬ ਮਿਲੇਗਾ। ਇਹ ਦੂਜਾ ਢੰਗ ਹੈ। ਨਿਗ੍ਹਾ ਕੀਤੀ ਕਿ ਗੁਰੂ ਸਾਹਿਬ ਜੀ ਨੇ ਜਵਾਬ ਦੇਣਾ ਹੈ। ਕੰਧ ਤੇ ਲੱਗੀ ਇੱਕ ਸ਼ੀਲਡ ਸਾਹਮਣੇ ਆ ਗਈ। ਸ਼ੀਲਡ ਤੇ ਲਿਖਿਆ ਸੀ ਬੇਲੋੜੇ ਮੇਲ ਜੋਲ ਘੱਟ ਕਰੋ ਤੇ ਆਪਣੀ ਉਸਤਤ ਕਰਨ ਤੋਂ ਬਚੋ। ਧਿਆਨ ਦੇਣਾ। ਸਮਝ ਲਓ ਰੱਬ ਨਾਲ ਗੱਲ ਹੋ ਗਈ। ਕੁਦਰਤ ਵਿੱਚੋਂ ਤੁਹਾਨੂੰ ਜਵਾਬ ਮਿਲੇਗਾ।

ਇੱਕ ਹੈ ਅਕਾਸ਼ਵਾਣੀ। ਰੱਬ ਦੇ ਪਿਆਰੇ ਸੰਤ ਜਨ ਮੱਥਾ ਕਿਵੇਂ ਪੜ੍ਹ ਲੈਂਦੇ ਹਨ? ਇਹ ਜਿਹੜੀਆਂ ਕੰਧਾਂ ਹਨ, ਤੁਹਾਨੂੰ ਇਸ ਵਿੱਚੋਂ ਵੀ ਜਵਾਬ ਮਿਲ ਸਕਦਾ ਹੈ। ਫੁੱਲਾਂ ਵਿੱਚੋਂ, ਪੱਤਿਆਂ ਵਿੱਚੋਂ। ਹੌਲੀ-ਹੌਲੀ ਬੰਦਾ ਇਸ ਚੀਜ਼ ਤੇ ਪਹੁੰਚ ਜਾਂਦਾ ਹੈ, ਜਿਸਨੂੰ ਕਹਿੰਦੇ ਹਨ ਕੁਦਰਤ ਵਿੱਚੋਂ ਜਵਾਬ। ਇੱਕ ਲੜਕੀ ਸੀ, ਉਸ ਨੂੰ ਕੋਈ ਰੋਗ ਹੋ ਗਿਆ। ਦਾਸ ਨੂੰ ਪਰਿਵਾਰ ਨੇ ਬੜਾ ਹੀ ਮਜ਼ਬੂਰ ਕੀਤਾ। ਤੁਸੀਂ ਅਰਦਾਸ ਕਰੋ। ਤੁਸੀਂ ਬੇਨਤੀ ਕਰੋ। ਦਾਸ ਗੱਡੀ ਵਿੱਚ ਬੈਠਾ ਸੀ। ਕੋਈ ਹੋਰ ਗੱਡੀ ਚਲਾ ਰਿਹਾ ਸੀ। ਦਾਸ ਡਰਾਈਵਰ ਸੀਟ ਦੇ ਨਾਲ ਬੈਠਾ ਸੀ ਤੇ ਸਫਰ ਵਿੱਚ ਧਿਆਨ ਉਧਰ ਚਲਾ ਗਿਆ। ਲੜਕੀ ਦੀ ਸਿਹਤ ਬਹੁਤ ਅਪਸੈਟ। ਅੱਠ-ਦਸ ਮਹੀਨੇ ਤੋਂ ਦੁੱਖੀ ਸੀ। ਦਾਸ ਨੇ ਜਿਵੇਂ ਰੱਬ ਨਾਲ ਜ਼ਿੱਦ ਕਰ ਲਈ, ਧੰਨ ਗੁਰੂ ਗੋਬਿੰਦ ਸਿੰਘ ਜੀ, ਜੇ ਅਸੀਂ ਤੁਹਾਡੇ ਚਰਨ ਘੁੱਟ ਕੇ ਫੜ ਲਈਏ ਕਿ ਕਰੋ ਰਾਜ਼ੀ ਤੇ ਕੀ ਤੁਸੀਂ ਨਹੀਂ ਕਰੋਗੇ? ਤੁਸੀਂ ਇੰਨਾ ਟਾਈਮ ਲਗਾ ਰਹੇ ਹੋ। ਜਪ-ਤਪ ਵੀ ਚੱਲ ਰਿਹਾ ਹੈ। ਬਾਣੀ ਦਾ ਪਰਵਾਹ ਵੀ ਚੱਲ ਰਿਹਾ ਹੈ। ਬਾਬਾ ਜੀ, ਰਾਜ਼ੀ ਕਿਉਂ ਨਹੀਂ ਕਰਦੇ? ਇਸ ਤਰ੍ਹਾਂ ਦਾ ਪ੍ਰੋਗਰਾਮ ਬਣਾਈਏ ਕਿ ਸਾਰੇ ਖੜ੍ਹ ਜਾਈਏ ਅਰਦਾਸ ਕਰਨ ਲਈ ਤੁਹਾਡੇ ਚਰਨਾਂ ਵਿੱਚ ਤਾਂ ਵੀ ਮਹਾਰਾਜ ਜੀ, ਤੁਸੀਂ ਰਾਜ਼ੀ ਨਹੀਂ ਕਰੋਗੇ। ਕਿਵੇਂ ਨਹੀਂ ਮੰਨੋਗੇ। ਅੰਦਰ ਗੱਲ ਚੱਲ ਪਈ। ਜਦੋ ਸੋਚਿਆ ਕਿ ਮਹਾਰਾਜ ਜੀ, ਤੁਸੀਂ ਕਿਵੇਂ ਨਹੀਂ ਮੰਨੋਗੇ। ਇਕਦਮ ਗੱਡੀ ਦੀ ਬਰੇਕ ਵੱਜੀ। ਅੱਗੇ ਇੱਕ ਬੰਡਲ ਪਿਆ ਸੀ ਜਿਸ ਤੇ ਕਾਫੀ ਸਭਾ ਦੇ ਮੈਂਬਰਾਂ ਦੇ ਨਾਵਾਂ ਦੀ ਲਿਸਟ ਸੀ ਜਿਨ੍ਹਾਂ ਦੀਆਂ ਕੁਝ ਲੰਗਰ ਦੀਆਂ ਡਿਊਟੀਆਂ ਲੱਗਦੀਆਂ ਹਨ, ਹੋਰ ਡਿਊਟੀਆਂ ਲੱਗਦੀਆਂ ਹਨ, ਪਿੰਡਾਂ ਦੇ ਨਾਂ ਤੇ ਕੁਝ ਹੋਰ। ਅੱਗੇ ਬਰੇਕ ਲੱਗੀ ਤੇ ਬੰਡਲ ਦਾ ਬੰਡਲ ਸਾਰਾ ਹੇਠਾਂ ਆ ਡਿੱਗਾ। ਹੁਣ ਗੱਲਾਂ ਕੁਝ ਪ੍ਰੇਮ ਦੀਆਂ ਨੇ। ਅਸੀਂ ਜ਼ਿੱਦ ਕੀਤੀ ਕਿ ਗੁਰੂ ਸਾਹਿਬ, ਤੁਸੀਂ ਕਿਵੇਂ ਨਹੀਂ ਸੁਣੋਗੇ। ਅਸੀਂ ਸਾਰੇ ਖਲੋ ਜਾਈਏ। ਗਿਆਰ੍ਹਾਂ ਸਿੰਘ, ਪੰਜ ਸਿੰਘ, ਸੰਗਤ ਸਾਰੀ। ਤੁਸੀਂ ਕਿਰਪਾ ਕਰੋਗੇ ਨਹੀਂ। ਪ੍ਰੇਮ ਦੇ ਬੱਧੇ ਕਾਬੂ ਨਹੀਂ ਆਉਗੇ। ਨਾਲ ਹੀ ਜਵਾਬ ਮਿਲ ਗਿਆ। ਸਾਰੇ ਦੇ ਸਾਰੇ ਮੈਂਬਰਾਂ ਦਾ ਬੰਡਲ ਡਿੱਗ ਕੇ ਕੀ ਜਵਾਬ ਮਿਲ ਗਿਆ। ਇੱਕ ਨੂੰ ਰਾਜ਼ੀ ਕਰਨ ਲਈ ਹੱਦੋਂ ਵੱਧ ਜ਼ਿੱਦ ਕਰੇਂਗਾ ਤੇ ਸਾਰਿਆਂ ਤੇ ਕਸ਼ਟ ਆਵੇਗਾ। ਉਹ ਬੰਡਲ ਡਿੱਗਣ ਦਾ ਮਤਲਬ। ਇਹ ਜਵਾਬ ਹੈ। ਬੇਨਤੀ ਕਰ। ਜ਼ਿੱਦ ਨਾ ਕਰ, ਇੱਕ ਬੰਦੇ ਪਿੱਛੇ। ਉਸ ਦਾ ਕੀ ਪਤਾ ਹਦੋਂ ਵੱਧ ਕੋਈ ਪਿਛਲਾ ਬਜਰ ਕਰਮ ਹੋਵੇ। ਸਾਰਿਆਂ ਦੇ ਨਾਂ ਦਾ ਬੰਡਲ ਡਿੱਗ ਪਿਆ। ਨਹੀਂ ਤਾਂ ਉਹੋ ਗੱਡੀ, ਗੁਰੂ ਦੀ ਹਜ਼ੂਰੀ ਵਿੱਚ ਬੈਠੇ ਹਾਂ, ਸਾਢੇ ਚਾਰ ਘੰਟੇ ਤੋਂ ਚਲਦੀ ਪਈ ਹੈ। ਉੱਥੇ ਹੀ ਬੰਡਲ ਪਿਆ ਹੈ। ਪਹਿਲਾਂ ਨਹੀਂ ਡਿੱਗਾ। ਇਧਰੋਂ ਅੰਦਰੋਂ ਜ਼ਿੱਦ ਆ ਗਈ, ਉਧਰੋਂ ਬਰੇਕ ਵੱਜੀ। ਬੰਡਲ ਥੱਲੇ ਡਿੱਗ ਗਿਆ। ਇਹ ਕੁਦਰਤ ਵਿੱਚੋਂ ਜਵਾਬ ਹੈ। ਇਹ ਗੱਲਾਂ ਥੋੜ੍ਹੀਆਂ ਜਿਹੀਆਂ ਆਮ ਦੁਨੀਆਂ ਤੋਂ ਉੱਤੇ ਹੁੰਦੀਆਂ ਹਨ। ਅਕਾਸ਼ਵਾਣੀ ਰਾਹੀਂ ਵੀ। ਕੁਦਰਤ ਵਿੱਚੋਂ ਵੀ, ਅਸਥੂਲ ਚੀਜ਼ਾਂ ਵਿੱਚੋਂ ਵੀ, ਤੇਰੀ ਅਵਸਥਾ ਉਸ ਜਗ੍ਹਾ ਤੇ ਪਹੁੰਚੀ ਹੈ ਤੇ ਗੁਰੂ ਸਾਹਿਬ ਤੇਰੇ ਨਾਲ ਇੰਝ ਗੱਲਾਂ ਕਰਦੇ ਹਨ।

ਜਿਵੇਂ ਵਕਤ ਦੀ ਗੱਲ ਹੈ, ਅਸੀਂ ਪੰਜ ਸਰੀਰ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਤੇ ਇੱਕ ਵਾਰੀ ਕਿਸੇ ਲਈ ਅਰਦਾਸ ਕਰਨ ਗਏ। ਦਾਸ ਨੇ ਅਰਦਾਸ ਕੀਤੀ, ਬਾਬਾ ਜੀ, ਜ਼ਿੱਦ ਨਹੀਂ। ਬੇਨਤੀ ਹੈ, ਇਹ ਜੋ ਅਰਦਾਸ ਆਪ ਜੀ ਦੇ ਚਰਨਾਂ ਵਿੱਚ ਕੀਤੀ ਹੈ, ਆਪ ਜੀ ਨੇ ਮਿਹਰ ਕਰਨੀ ਜੀ। ਆਪ ਜੀ ਵੱਲੋਂ ਸਫਲਤਾ ਪ੍ਰਾਪਤ ਹੋਵੇ। ਹੁਣ ਅਰਦਾਸ ਤੋਂ ਬਾਅਦ ਦਾਸ ਸੋਚੀਂ ਪੈ ਗਿਆ ਕਿ ਕਿਵੇਂ ਸਮਝਾਂ, ਬਾਬਾ ਦੀਪ ਸਿੰਘ ਜੀ, ਤੁਸੀਂ ਮੰਨ ਗਏ ਹੋ ਜਾਂ ਨਹੀਂ। ਮਹਾਰਾਜ ਜੀ, ਦਾਸ ਨੂੰ ਥੋੜ੍ਹਾ ਜਵਾਬ ਬਖਸ਼ ਦਿਓ। ਅਸੀਂ ਅਰਦਾਸ ਕਰਕੇ ਬਾਹਰ ਆਏ ਅੱਗੋਂ ਇਕ ਮਸਤਾਨਾ ਜਿਹਾ ਬੰਦਾ ਮਿਲਿਆ। ਆਪਣੀ ਜੇਬ ਵਿੱਚੋਂ ਦੋ ਪਤਾਸੇ ਕੱਢੇ ਜੋ ਕਿ ਵੱਡੇ ਲਿਫਾਫੇ ਵਿੱਚ ਪਏ ਹੋਏ ਸੀ, ਸ਼ਹੀਦਾਂ ਸਾਹਿਬ ਤੋਂ ਲਏ ਹੋਣੇ ਹਨ, ਦਾਸ ਨੂੰ ਪਤਾਸੇ ਦੇ ਕੇ ਕਹਿੰਦਾ ਹੈ, ਵਧਾਈ ਲੈਣੀ ਹੈ। ਧਿਆਨ ਦੇਣਾ। ਜਦੋਂ ਦਾਸ ਅੱਗੇ ਉਹ ਲਿਫਾਫਾ ਕਰੀ ਜਾਵੇ, ਮਸਤਾਨਾ ਜਿਹਾ ਸੀ। ਦਾਸ ਦੇ

ਨਾਲ ਭਾਈ ਹਰਦੇਵ ਸਿੰਘ ਦੀਵਾਨਾ ਜੀ ਦਾ ਮੁੰਡਾ ਸੀ, ਉਸ ਨੇ ਮਾੜਾ ਜਿਹਾ ਉਸ ਮਸਤਾਨੇ ਨੂੰ ਪਾਸੇ ਕੀਤਾ। ਦਾਸ ਨੇ ਉਸ ਦਾ ਹੱਥ ਫੜ ਲਿਆ। ਦਾਸ ਨੇ ਕਿਹਾ, ਇਸ ਨੂੰ ਪਾਸੇ ਨਾ ਕਰ। ਸਾਡੀ ਆਪਣੀ ਗੱਲ ਉਧਰ ਚੱਲ ਰਹੀ ਹੈ। ਜੇ ਅਸੀਂ ਕਹਿੰਦੇ ਹਾਂ ਕਿ ਪਤਾ ਕਿਵੇਂ ਲੱਗੇ ਤੇ ਉਨ੍ਹਾਂ ਨੇ ਮਿੱਠਾ ਭੇਜ ਦਿੱਤਾ ਹੈ, ਵਧਾਈ ਭੇਜ ਦਿੱਤੀ ਹੈ। ਧਿਆਨ ਦੇਣਾ। ਗੱਲਾਂ ਕਰ ਸਕਦੇ ਹੋ ਕੁਦਰਤ ਵਿੱਚੋਂ। ਅਵਸਥਾ ਤੁਹਾਡੀ ਉੱਥੇ ਪਹੁੰਚੀ ਹੋਵੇ। ਅਸਥੂਲ ਚੀਜ਼ਾਂ ਵਿੱਚੋਂ ਜਵਾਬ ਲੱਭ ਸਕਦੇ ਹੋ। ਉਸ ਨੇ ਇਸੀ ਤਰ੍ਹਾਂ ਹੀ ਤੁਹਾਨੂੰ ਦੂਜੀਆਂ ਚੀਜ਼ਾਂ ਵਿੱਚੋਂ ਆ ਕੇ ਜਵਾਬ ਦੇਣਾ ਹੁੰਦਾ ਹੈ। ਕਈ ਜਗ੍ਹਾ ਤੇ ਅਕਾਸ਼ਵਾਣੀ ਵੀ। ਤੁਸੀਂ ਕਿੰਨੇ ਭਗਤਾਂ ਦਾ ਨਾਮ ਸੁਣਦੇ ਹੋ। ਕਸ਼ਮੀਰ ਦੇ ਪੰਡਤਾਂ ਨੂੰ ਵੀ ਅਕਾਸ਼ਵਾਣੀ ਦੀ ਕਿਰਪਾ ਹੋ ਗਈ ਸੀ। ਇਨ੍ਹਾਂ ਨੇ ਬਹੁਤ ਪੁਕਾਰਾਂ ਕੀਤੀਆਂ, ਸ਼ਿਵ ਜੀ ਦੇ ਮੰਦਰ। ਫਿਰ ਅਕਾਸ਼ਵਾਣੀ ਹੋਈ ਸੀ, ਸਮੇਂ ਦੇ ਅਵਤਾਰ ਹਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ। ਉੱਥੇ ਜਾ ਕੇ ਫਰਿਆਦ ਕਰੋ।

ਜੋ ਸਾਖੀ ਚੱਲ ਰਹੀ ਸੀ ਕਿ ਇਹ ਲੜਕੀ ਪੈਦਾ ਹੋ ਗਈ ਤੇ ਮਹਾਂਪੁਰਸ਼ ਕਹਿੰਦੇ, ਆਓ ਕਮਰੇ ਵਿੱਚ ਚੱਲੀਏ। ਜਦੋਂ ਪਰਿਵਾਰ ਵਾਲੇ ਕਮਰੇ ਵਿੱਚ ਲੈ ਗਏ। ਮਹਾਂਪੁਰਸ਼ੋ, ਸਾਡਾ ਬੜਾ ਮਨ ਉਦਾਸ ਹੈ, ਮੁੰਡਾ ਹੋਣਾ ਸੀ, ਕੁੜੀ ਕਿਵੇਂ ਹੋ ਗਈ। ਹੁਣ ਇਹ ਵਾਹਿਗੁਰੂ ਜਾਣੇ, ਉਹ ਮਹਾਂਪੁਰਸ਼ਾਂ ਨੂੰ ਅਕਾਸ਼ਵਾਣੀ ਹੋਈ ਕਿ ਕੁਦਰਤ ਵਿੱਚੋਂ ਪੜ੍ਹਿਆ। ਕਿੱਥੋਂ ਪੜ੍ਹਿਆ। ਜਿਵੇਂ ਤੁਸੀਂ ਇਸ਼ਾਰਾ ਲਿਆ। ਇਸ਼ਾਰਾ ਲੈ ਕੇ ਮਹਾਂਪੁਰਸ਼ ਕਹਿੰਦੇ, ਘਬਰਾਓ ਨਾ, ਤੁਸੀਂ ਰੋਸ ਕਰ ਰਹੇ ਹੋ। ਕਿਉਂ ਲੜਕੀ ਹੋ ਗਈ? ਇਹ ਲੜਕੀ ਬੜੇ ਪਰਤਾਪ ਵਾਲੀ ਹੈ। ਇਸ ਲੜਕੀ ਦਾ ਨਾਂ ਪਰਤਾਪ ਕੌਰ ਰੱਖਿਓ। ਇਸ ਲੜਕੀ ਦੇ ਪੇਟ ਵਿੱਚੋਂ ਇੱਕ ਮਹਾਂਪੁਰਸ਼ ਨੇ ਜਨਮ ਲੈਣਾ ਹੈ। ਤੁਸੀਂ ਅਫਸੋਸ ਕਰਦੇ ਹੋ ਕਿ ਲੜਕੀ ਕਿਉਂ ਹੋ ਗਈ ਪਰ ਇਸ ਲੜਕੀ ਦੇ ਪੇਟ ਵਿੱਚੋਂ ਇੱਕ ਮਹਾਂਪੁਰਸ਼ ਜਨਮ ਲਵੇਗਾ। ਉਹ ਮਹਾਂਪੁਰਸ਼ ਕੌਣ ਸਨ? ਧੰਨ ਬਾਬਾ ਈਸ਼ਰ ਸਿੰਘ ਜੀ ਨਾਨਕਸਰ ਵਾਲੇ। ਪਰਤਾਪ ਕੌਰ ਉਨ੍ਹਾਂ ਦੇ ਮਾਤਾ ਜੀ ਦਾ ਨਾਂ। ਅਸੀਂ ਕਈ ਵਾਰ ਕਹਿੰਦੇ ਹਾਂ ਕਿ ਲੜਕੀ ਹੋ ਗਈ ਹੈ। ਪਤਾ ਨਹੀਂ ਕਿ ਉਸ ਲੜਕੀ ਦੇ ਪੇਟ ਵਿੱਚੋਂ ਕਿਸੇ ਰਾਜੇ ਨੇ ਜਨਮ ਲੈਣਾ ਹੈ। ਪਤਾ ਨਹੀਂ ਕਿ ਉਸ ਲੜਕੀ ਦੇ ਪੇਟ ਵਿੱਚੋਂ ਕਿਸੇ ਮਹਾਂਪੁਰਸ਼ ਨੇ, ਕਿਸੇ ਕਰਨੀ ਵਾਲੇ ਨੇ ਧਰਤੀ ਤੇ ਆਉਣਾ ਹੋਵੇ। ਜਿਵੇਂ ਆਹ ਬਚਨ ਪੜ੍ਹ ਰਹੇ ਹਾਂ ਬਾਬਾ ਈਸ਼ਰ ਸਿੰਘ ਜੀ ਦਾ ਜਨਮ ਦਿਨ ਆ ਰਿਹਾ ਹੈ, ਮਹਾਂਪੁਰਸ਼ਾਂ ਦਾ ਦਿੱਤਾ ਰਮਜ਼ ਦਾ ਬਚਨ ਸਤ ਹੋਇਆ। ਜਨਮ ਹੋਇਆ, ਬਾਬਾ ਈਸ਼ਰ ਸਿੰਘ ਜੀ ਦਾ।

ਕੁਝ ਦਿਨ ਪਹਿਲਾਂ ਦਾਸ ਬਾਬਾ ਈਸ਼ਰ ਸਿੰਘ ਜੀ ਦੇ ਜਨਮ ਅਸਥਾਨ ਪਿੰਡ ਝੋਰੜਾਂ ਵਿਖੇ ਦਰਸ਼ਨ ਕਰਨ ਗਿਆ ਸੀ। ਬਾਬਾ ਜੀ ਦੇ ਪਿੰਡ ਵਿੱਚ ਇੰਨਾ ਸੰਗਤਾਂ ਦਾ ਪਿਆਰ ਅਸੀਂ ਕੀਰਤਨ ਦੀ ਹਾਜ਼ਰੀ ਭਰੀ ਤਾਂ ਦਾਸ ਨੂੰ ਪਰਿਵਾਰ ਵਾਲਿਆਂ ਨੇ ਬਾਬਾ ਜੀ ਦੇ ਕੁੜ੍ਹਤੇ, ਗਲ ਦੇ ਹਜ਼ੂਰੀਏ, ਜੋੜਾ, ਹੱਥ ਵਾਲੀ ਸੋਟੀ ਤੇ ਸਫਾਜੰਗ ਦੇ ਵੀ ਦਰਸ਼ਨ ਕਰਾਏ। ਬੜਾ ਮਨ ਨਿਹਾਲ ਹੋਇਆ। ਇਨ੍ਹਾਂ ਗੱਲਾਂ ਤੋਂ ਪ੍ਰੇਰਨਾ ਮਿਲਦੀ ਹੈ ਕਿ ਬਾਬਾ ਜੀ ਚੋਲੇ ਦੇ ਬਟਨ ਕਿਸ ਤਰ੍ਹਾਂ ਦੇ ਸਨ। ਲਗਾਉਂਦੇ ਸੀ ਜਾਂ ਨਹੀਂ। ਕਿਸ ਤਰ੍ਹਾਂ ਦੀ ਸਾਦਗੀ ਸੀ। ਕਿਸ ਤਰ੍ਹਾਂ ਦਾ ਹਜ਼ੂਰੀਆ ਸੀ। ਪ੍ਰੇਰਨਾ ਮਿਲਦੀ ਹੈ। ਕਿਵੇਂ ਆਪਣਾ ਪਹਿਰਾਵਾ, ਆਲਾ-ਦੁਆਲਾ ਰੱਖਦੇ ਸੀ। ਬਾਬਾ ਕੁੰਦਨ ਸਿੰਘ ਜੀ ਨੇ ਜਿੱਥੇ ਬਾਬਾ ਈਸ਼ਰ ਸਿੰਘ ਜੀ ਨੇ ਤਪ ਕੀਤਾ, ਉਸੇ ਝੋਰੜਾਂ ਪਿੰਡ ਵਿੱਚ ਅਨੇਕਾਂ ਗੁਰਦੁਆਰਾ ਸਾਹਿਬ ਬਣਵਾਏ ਹਨ। ਇਸ਼ਾਰਾ। ਥੋੜ੍ਹਾ ਜਿਹਾ ਸਮਾਂ ਦਾਸ ਅੱਗੇ ਚਲੇ। ਤੁਸੀਂ ਅਫਸੋਸ ਕਰਦੇ ਹੋ, ਲੜਕੀ ਕਿਉਂ ਹੋਈ? ਇਹ ਪਰਤਾਪ ਵਾਲੀ। ਇਸ ਦਾ ਨਾਂ ਪਰਤਾਪ ਕੌਰ ਰੱਖਿਓ। ਇਸ ਦੇ ਪੇਟ ਵਿੱਚੋਂ ਇੱਕ ਕਰਨੀ ਵਾਲੇ ਮਹਾਂਪੁਰਸ਼ਾਂ ਦਾ ਜਨਮ ਹੋਵੇਗਾ। ਉਹ ਸਨ ਬਾਬਾ ਈਸ਼ਰ ਸਿੰਘ ਜੀ ਕਲੇਰ੍ਹਾਂ ਵਾਲੇ।

*ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥*

*(ਅੰਗ ੩੧੩)*

ਬੜੀ ਵੱਡੀ ਗੱਲ ਹੈ। ਅੱਜ ਕਚਹਿਰੀ ਵਿੱਚ ਚਲੇ ਜਾਓ। ਸੱਤਰ ਪਰਸੈਂਟ ਝਗੜੇ ਮਾਇਆ ਦੇ ਹਨ। ਬਾਬਾ

ਈਸ਼ਰ ਸਿੰਘ ਜੀ ਨੇ ਕੁੜਤੇ ਨੂੰ ਜੇਬਾ ਵੀ ਨਹੀਂ ਸੀ ਲਗਾਇਆ ਕਿ ਕਿਤੇ ਗਲਤੀ ਨਾਲ ਵੀ ਨਾ ਪੈ ਜਾਵੇ। ਇਹ ਕੋਈ ਸੌਖੀਆਂ ਬਾਤਾਂ ਨਹੀਂ। ਜਿਨ੍ਹਾਂ ਨੇ ਇਨ੍ਹਾਂ ਪੰਜਾਂ ਵਿਕਾਰਾਂ ਨੂੰ ਮਾਰਿਆ ਹੈ, ਉਹ ਸੂਰਬੀਰ ਹੈ, ਬਲੀ ਹੈ। ਆਓ ! ਬਾਬਾ ਜੀ ਦੇ ਇੱਕ ਹੋਰ ਬਚਨ ਤੇ ਵਿਚਾਰ ਕਰਦੇ ਹਾਂ ਇੱਕ ਰਿਟਾਇਰ ਜੱਜ ਬਾਬਾ ਈਸ਼ਰ ਸਿੰਘ ਜੀ ਕੋਲ ਆ ਗਿਆ, ਕਹਿਣ ਲੱਗਾ, ਮਹਾਂਪੁਰਸ਼ੋ, ਜੇ ਮੈਨੂੰ ਹੁਕਮ ਦਿਓ, ਨਾਨਕਸਰ ਦੀ ਜਿੰਨੀ ਧਰਤੀ ਹੈ, ਸਾਰੀ ਧਰਤੀ ਤੇ ਸੰਗਮਰਮਰ ਦੇ ਉੱਤੇ ਸੋਨਾ ਲਗਵਾ ਦਿਆਂ। ਸੋਨੇ ਦੀ ਤਹਿ। ਬਾਬਾ ਜੀ ਕਹਿੰਦੇ, ਤੇਰੇ ਕੋਲ ਇੰਨੀ ਮਾਇਆ ਕਿੱਥੋਂ ਆਈ?

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥*

*(ਅੰਗ ੪੧੭)*

ਇੰਨੀ ਮਾਇਆ ਕਿੱਥੋਂ ਆ ਗਈ। ਜੱਜ ਦੀ ਤਨਖਾਹ ਹੁੰਦੀ ਹੈ ਦਸ ਹਜ਼ਾਰ। ਉਸ ਵੇਲੇ ਦਸ ਹਜ਼ਾਰ, ਹੁਣ ਦੇ ਹਿਸਾਬ ਨਾਲ ਇੱਕ ਲੱਖ ਲਗਾ ਲਓ। ਕਿੰਨੇ ਕੁ ਮਗਰ ਬਚਾ ਲਵੇਗਾ। ਸਾਰੀ ਧਰਤੀ ਤੇ ਸੋਨਾ। ਤੇਰੇ ਕੋਲ ਇੰਨੀ ਮਾਇਆ ਕਿਵੇਂ? ਕਹਿਣ ਲੱਗਾ, ਮਹਾਂਪੁਰਸ਼ੋ, ਸੱਚ ਦੱਸਾਂ, ਜਿਸ ਵੇਲੇ ਜੱਜ ਦੀ ਨੌਕਰੀ ਤੇ ਸਾਂ, ਉਸ ਸਮੇਂ ਨਹੀਂ ਸੀ ਇਤਨੀ ਸਮਝ। ਮੈਂ ਇਹੋ ਜਿਹੇ ਕਰਮ ਕਰ ਬੈਠਾ ਹਾਂ, ਕਿਸੇ ਨੂੰ ਸਜ਼ਾ ਦੇ ਦਿੱਤੀ, ਨਜਾਇਜ਼ ਤੇ ਦੂਜੀ ਪਾਰਟੀ ਕੋਲੋਂ ਲੱਖ ਖਾ ਲਿਆ। ਮਹਾਂਪੁਰਸ਼ੋ, ਇਹ ਪਾਪ ਕਰਕੇ ਇਕੱਠੀ ਹੋਈ ਹੈ। ਹੁਣ ਮੇਰੀ ਅੱਖ ਖੁੱਲ੍ਹ ਗਈ ਹੈ ਕਿ ਪਤਾ ਨਹੀਂ ਕਿ ਮੈਂ ਕਿਹੜੇ ਵੇਲੇ ਚਲਾ ਜਾਵਾਂ। ਮੈਂ ਤਾਂ ਬੜੇ ਪਾਪਾਂ ਦਾ ਭਾਰ ਸਿਰ ਤੇ ਪਾ ਲਿਆ ਹੈ। ਬਹੁਤ ਧਿਆਨ ਰੱਖਿਆ ਕਰੋ, ਕਿਰਤ ਦਾ। ਗੁਰਬਾਣੀ ਵਿੱਚ ਬੇਅੰਤ ਪੰਕਤੀਆਂ ਹਨ ਬਾਬਾ ਜੀ ਦੀਆਂ, ਸੱਚੀ ਕਿਰਤ ਬਾਰੇ। ਬਾਬਾ ਈਸ਼ਰ ਸਿੰਘ ਜੀ ਕਹਿੰਦੇ, ਜਿਹੜਾ ਤੂੰ ਸੋਨਾ ਲਗਾਵੇਂਗਾ। ਜਦੋਂ ਅਸੀਂ ਤੁਰਾਂਗੇ ਤੇ ਇੰਝ ਲੱਗੇਗਾ ਕਿ ਅਸੀਂ ਗਰੀਬਾਂ ਦੇ ਲਹੂ ਤੇ ਤੁਰ ਰਹੇ ਹਾਂ। ਸੰਗਤ ਜੀ ਇਹ ਜੱਜ ਬਾਬਾ ਜੀ ਦੇ ਛੇ ਮਹੀਨੇ ਮਗਰ ਲੱਗਾ ਰਿਹਾ। ਕਿਉਂਕਿ ਪਤਾ ਸੀ, ਗਲਤ ਕੰਮ ਹੋਇਆ ਹੈ ਤੇ ਮਨ ਵਿੱਚ ਸੀ ਕਿ ਕਿਸੇ ਤਰੀਕੇ ਨਾਲ ਹੁਣ ਬਖਸ਼ਿਆ ਜਾਵਾਂ। ਛੇ ਮਹੀਨੇ ਮਗਰ ਲੱਗਾ ਰਿਹਾ, ਬਾਬਾ ਜੀ ਮੇਰੀ ਸੇਵਾ ਮਨਜ਼ੂਰ ਕਰੋ, ਮੈਨੂੰ ਸੁਮੱਤ ਬਖਸ਼ੋ। ਮੇਰੇ ਗੁਨਾਹ ਕਿਵੇਂ ਬਖਸ਼ੇ ਜਾਣਗੇ? ਛੇ ਮਹੀਨੇ ਬਾਅਦ ਬਾਬਾ ਈਸ਼ਰ ਸਿੰਘ ਜੀ ਮੌਜ ਵਿੱਚ ਆਏ ਤੇ ਕਹਿਣ ਲੱਗੇ, ਕੀ ਕਹਿੰਦਾ ਹੈਂ? ਕਿਉਂ?

*ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥*

*(ਅੰਗ ੭੩੮)*

ਕਿਉਂ ਢੀਠ ਹੋ ਗਿਆ ਸੀ? ਓਏ, ਕੀ ਕਹਿੰਦਾ ਹੈਂ? ਕਹਿਣ ਲੱਗਾ, ਮਹਾਂਪੁਰਸ਼ੋ, ਪਤਾ ਨਹੀਂ ਕਿਹੜੇ ਵੇਲੇ ਮੌਤ ਨੇ ਬੁਲਾ ਲੈਣਾ ਹੈ। ਜੋ ਗਲਤੀਆਂ ਮੈਂ ਕਰ ਬੈਠਾ ਹਾਂ। ਜੋ ਭੁੱਲਾਂ ਮੈ ਕਰ ਬੈਠਾਂ ਹਾਂ। ਜਿਨ੍ਹਾਂ ਭੁੱਲਾਂ ਬਾਰੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਿਖਿਆ ਹੈ:

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥*

*(ਅੰਗ ੧੪੧)*

ਮਹਾਂਪੁਰਸ਼ ਕਹਿੰਦੇ, ਕੀ ਕਹਿੰਦਾ ਹੈਂ, ਛੇ ਮਹੀਨੇ ਹੋ ਗਏ, ਮਗਰ ਪਿਆ ਹੈਂ। ਕਹਿਣ ਲੱਗਾ, ਮਹਾਂਪੁਰਸ਼ੋ, ਪਤਾ ਨਹੀਂ ਕਿਹੜੇ ਵੇਲੇ ਸੁਨੇਹਾ ਆ ਜਾਵੇ ਤੇ ਕੋਈ ਬਿਧ ਬਣਾ ਦਿਓ ਬਖਸ਼ਿਆ ਜਾਵਾਂ ਬਾਬਾ ਜੀ ਕਹਿੰਦੇ, ਚੰਗਾ ਫਿਰ ਇੱਕ ਕੰਮ ਕਰ। ਢਾਈ ਘੰਟੇ ਨਿਤਨੇਮ ਕਰਿਆ ਕਰ। ਤੇ ਜਿਹੜੇ ਤੇਰੇ ਕੋਲ ਪਾਪ ਹੋਏ ਹਨ, ਉਹ ਸੋਨਾ ਲਗਵਾਉਣ ਨਾਲ ਨਹੀਂ ਮਿਟਣੇ ਸਾਧ ਸੰਗਤ ਦੀ ਖੁਸ਼ੀ, ਅਸੀਸ ਨਾਲ ਮਿਟਣਗੇ ਤੂੰ ਇਉਂ ਕਰ ਨਾਨਕਸਰ ਵਿੱਚ ਜਿੱਥੇ-ਜਿੱਥੇ ਹੈਂਡ ਪੰਪ ਦੀ ਲੋੜ ਹੈ, ਉੱਥੇ-ਉੱਥੇ ਹੈਂਡ ਪੰਪ ਲਗਵਾ ਦੇ। ਜਿਉਂ-ਜਿਉਂ ਸੰਗਤਾਂ ਜਲ ਛਕਣਗੀਆਂ। ਕਈ ਵਾਰ ਬਹੁਤ ਪਿਆਸ ਲੱਗੀ ਹੋਵੇ ਤੇ ਜਲ ਛਕਣ ਤੋਂ ਬਾਅਦ ਆਪਣੇ ਆਪ ਅੰਦਰੋਂ ਇੱਕ ਅਸੀਸ ਜਿਹੀ ਨਿਕਲਦੀ ਹੈ। ਬਾਬਾ ਜੀ ਕਹਿੰਦੇ, ਜਾ ਜਿੱਥੇ-ਜਿੱਥੇ ਹੈਂਡ ਪੰਪ ਲੋੜ ਹੈ, ਉੱਥੇ ਹੈਂਡ ਪੰਪ ਲਗਵਾ ਦੇ। ਜਿਉਂ-ਜਿਉਂ ਸੰਗਤ ਜਲ ਛਕੇਗੀ, ਉਹ ਜਿਹੜੀ ਅਸੀਸ ਹਰ ਇੱਕ ਦੇ ਅੰਦਰੋਂ ਨਿਕਲੇਗੀ, ਉਹ ਸੰਗਤਾਂ ਦੀ ਅਸੀਸ ਸਦਕਾ ਤੇਰੇ ਪਹਿਲੇ ਕੀਤੇ ਪਾਪ ਵੀ ਧੋਤੇ ਜਾਣਗੇ। ਭਾਵ ਸੇਵਾ ਤੇ ਨਾਮ ਨਾਲ

ਬਾਬਾ ਜੀ ਨੇ ਹਰ ਇੱਕ ਨੂੰ ਜੋੜਿਆ ਹੈ। ਕੋਈ ਸਾਡੇ ਵਰਗਾ ਹੁੰਦਾ ਤੇ ਕਹਿਣਾ ਸੀ ਆਉਣ ਦਿਓ ਮਾਇਆ। ਮਹਾਂਪੁਰਸ਼ ਦੀ ਨਜ਼ਰ ਜਗਿਆਸੂ ਦੇ ਜੀਵਨ ਤੇ ਹੋਵੇ।

*ਕਿਸੀ ਨੇ ਪੂਛਾ ਤੇਰਾ ਘਰ ਬਾਰ ਕਿਤਨਾ ਹੈ।*
*ਕਿਸੀ ਨੇ ਪੂਛਾ ਤੇਰਾ ਪਰਿਵਾਰ ਕਿਤਨਾ ਹੈ।*
*ਕਿਸੀ ਨੇ ਪੂਛਾ ਤੇਰਾ ਕਾਰੋਬਾਰ ਕਿਤਨਾ ਹੈ।*
*ਕਿਸੀ ਵਿਰਲੇ ਨੇ ਪੂਛਾ*
*ਤੇਰਾ ਗੁਰੂ ਨਾਲ ਪਿਆਰ ਕਿਤਨਾ ਹੈ।*

ਉਹ ਬਾਬਾ ਈਸ਼ਰ ਸਿੰਘ ਜੀ ਜਿਨ੍ਹਾਂ ਨੇ ਹਰ ਵੇਲੇ, ਹਰ ਪਲ ਨਾਮ ਨਾਲ ਜੋੜਿਆ। ਜੇ ਦਸ ਪੰਦਰਾਂ ਬੱਚੇ ਵੀ ਕੋਲ ਆ ਗਏ ਤੇ ਬਾਬਾ ਜੀ ਨੇ ਇਹੋ ਕਹਿਣਾ ਜਿਹੜਾ ਬੱਚਾ ਉੱਚੀ ਅਵਾਜ਼ ਵਿੱਚ ਵਾਹਿਗੁਰੂ ਬੋਲੇਗਾ, ਉਸ ਨੂੰ ਜ਼ਿਆਦਾ ਪ੍ਰਸ਼ਾਦਿ ਮਿਲੇਗਾ। ਇੱਕ ਬੱਚੇ ਨੇ ਕਹਿਣਾ ਵਾਹਿਗੁਰੂ। ਦੂਜੇ ਨੇ ਹੋਰ ਉੱਚੀ ਕਹਿਣਾ ਵਾਹਿਗੁਰੂ। ਬਾਬਾ ਜੀ ਨੇ ਆਪਣੇ ਕੇਂਦਰ ਨਾਲ ਜੁੜ ਕੇ ਅਨੰਦ ਲੈਣਾ। ਜੇ ਬੱਚੇ ਵੀ ਮਿਲ ਪਏ ਤੇ ਨਾਮ ਨਾਲ ਜੋੜਿਆ। ਬਾਬਾ ਜੀ ਇੱਕ ਰਸਤੇ 'ਚੋ ਲੰਘ ਰਹੇ ਸੀ ਤੇ ਰਸਤੇ 'ਚ ਨਦੀ ਆ ਗਈ। ਨਦੀ ਵੇਖ ਕੇ ਕਹੀ ਜਾਣ, ਵਾਹਵਾ ਵਾਹਵਾ। ਸੇਵਾਦਾਰ ਕਹਿੰਦੇ, ਬਾਬਾ ਜੀ ਨਦੀ ਨੂੰ ਵੇਖ ਵਾਹਵਾ ਵਾਹਵਾ। ਕਹਿੰਦੇ, ਸਾਡੇ ਨਾਲੋਂ ਇਹ ਨਦੀ ਚੰਗੀ ਹੈ। ਦਿਨੇ ਰਾਤ ਵਗ ਰਹੀ ਹੈ, ਆਪਣੇ ਮੁਰਸ਼ਦ ਕੋਲ ਪਹੁੰਚਣ ਲਈ। ਮੰਜ਼ਿਲ ਤੇ ਪਹੁੰਚਣ ਲਈ। ਸਮੁੰਦਰ ਇਸ ਦੀ ਮੰਜ਼ਿਲ ਹੈ। ਨਾ ਦਿਨੇ ਅਰਾਮ ਕਰਦੀ ਹੈ ਤੇ ਨਾ ਰਾਤੀਂ ਅਰਾਮ ਕਰਦੀ ਏ। ਗੁੱਸਾ ਨਾ ਕਰਿਓ। ਆਪਾਂ ਘੰਟਾ ਹੀ ਕੀਰਤਨ ਕਰ ਲਈਏ ਜਾਂ ਬਾਣੀ ਪੜ੍ਹ ਲਈਏ, ਉਸ ਤੋਂ ਬਾਅਦ ਕਹਿੰਦੇ ਹਾਂ, ਮੁੱਕ ਗਿਆ ਕੰਮ। ਨਦੀ ਚੰਗੀ। ਨਾ ਦਿਨੇ ਅਰਾਮ, ਨਾ ਰਾਤੀ ਅਰਾਮ। ਮੈਂ ਆਪਣੀ ਮੰਜ਼ਿਲ ਨੂੰ ਮਿਲਣਾ ਹੈ। ਨਦੀ ਵੇਖੀ ਤਾਂ ਉਸ ਵਿੱਚੋਂ ਵੀ ਨਾਮ। ਥੋੜ੍ਹੇ ਦਿਨਾਂ ਤੱਕ ਬਾਬਾ ਜੀ ਦਾ ਜਨਮ ਦਿਨ ਆ ਰਿਹਾ ਹੈ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਇੱਕ ਐਸੇ ਮਹਾਂਪੁਰਸ਼ ਦਾ ਜਨਮ ਦਿਨ ਤੁਸੀਂ ਮਨਾ ਰਹੇ ਹੋ ਕਿ ਜਿੱਥੇ ਬਾਬਾ ਜੀ ਖੁਸ਼ ਹੋ ਕੇ ਦਰਗਾਹੀ ਪ੍ਰਸ਼ਾਦ ਵੰਡਦੇ ਸੀ। ਇਹ ਰੀਤ ਚਲਾਈ ਸੀ, ਬਾਬਾ ਨੰਦ ਸਿੰਘ ਜੀ ਨੇ। ਜਿਸ ਨੇ ਆਉਣਾ, ਬਾਬਾ ਜੀ ਕਹਿੰਦੇ, ਦੂਜੇ ਪ੍ਰਸ਼ਾਦ ਤਾਂ ਸਾਰੇ ਹੀ ਛਕਦੇ ਹਨ, ਲੰਗਰ ਵੀ ਛਕਦੇ ਹਨ, ਉਹ ਵੀ ਪ੍ਰਸ਼ਾਦ ਹੈ। ਕੜਾਹ ਪ੍ਰਸ਼ਾਦਿ ਵੀ ਪ੍ਰਸ਼ਾਦਿ ਹੈ। ਕਈ ਹੋਰ ਤਰ੍ਹਾਂ ਦੇ ਪ੍ਰਸ਼ਾਦ ਬਣਾ ਕੇ ਲਿਆਂਦੇ ਹਨ, ਉਹ ਵੀ ਪ੍ਰਸ਼ਾਦ ਹੈ ਪਰ ਬਾਬਾ ਜੀ ਕਹਿੰਦੇ, ਉਹ ਵੀ ਛਕੋ, ਉਹ ਵੀ ਲਓ ਪਰ ਉੱਤਮ ਪ੍ਰਸ਼ਾਦਿ ਹੈ, ਨਿਤਨੇਮ ਦਾ ਪ੍ਰਸ਼ਾਦਿ। ਦਰਗਾਹੀ ਪ੍ਰਸ਼ਾਦਿ ਹੈ, ਨਿਤਨੇਮ ਦਾ ਪ੍ਰਸ਼ਾਦਿ। ਚੁਪਹਿਰੇ ਤੇ ਵੀ ਬੇਨਤੀ ਕੀਤੀ ਸੀ। ਮਹਾਂਪੁਰਸ਼ਾਂ ਦੀ ਯਾਦ ਮਨਾਉਣ ਦਾ ਇਹੀ ਲਾਭ ਹੈ ਕਿ ਆਪਾਂ ਦਰਗਾਹੀ ਪ੍ਰਸ਼ਾਦਿ ਲੈ ਕੇ ਜਾਈਏ। ਇਹ ਸਾਰੀਆਂ ਸੰਗਤਾਂ ਨੂੰ ਬੇਨਤੀ ਹੈ, ਜਿੰਨੇ ਕੀਰਤਨ ਕਰਨ ਵਾਲੇ ਹਨ। ਵੈਸੇ ਤਾਂ ਪੰਜ ਘੰਟੇ ਇਨ੍ਹਾਂ ਨੂੰ ਵੀ ਦਰਗਾਹੀ ਪ੍ਰਸ਼ਾਦਿ ਲੈਣਾ ਚਾਹੀਦਾ ਹੈ। ਘੱਟੋ-ਘੱਟ ਪੰਜ ਘੰਟੇ ਕੀਰਤਨੀਆਂ ਨੂੰ ਵੀ ਨਾਮ ਜਪਣ ਦੀ ਬੈਠਕ ਚਾਹੀਦੀ ਹੈ। ਸੁਣਨ ਵਾਲੇ ਦੀ ਢਾਈ ਘੰਟੇ ਚਾਹੀਦੀ ਹੈ। ਜੇ ਸਟੇਜ ਤੇ ਬੈਠ ਜਾਓ ਤੇ ਪੰਜ ਘੰਟੇ ਚਾਹੀਦੀ ਹੈ ਪਰ ਇਨ੍ਹਾਂ ਨੂੰ ਰਿਆਇਤ ਕੀਤੀ ਸੀ ਕਿ ਸਾਢੇ ਤਿੰਨ ਘੰਟੇ ਬੈਠਕ ਦੇਣੀ ਹੈ। ਫਿਰ ਇਹ ਨਹੀਂ ਕਹੋਗੇ, ਕੀਰਤਨ ਕਿਵੇਂ ਕਰੀਏ ਜੀ? ਸਾਢੇ ਤਿੰਨ ਘੰਟੇ ਬੈਠਕ ਹੋ ਜਾਵੇਗੀ ਤੇ ਫਿਰ ਕੀਰਤਨ ਸਤਿਗੁਰੂ ਜੀ ਆਪ ਹੀ ਵਰਤ ਕੇ ਕਰਵਾਉਣਗੇ। ਬਾਕੀ ਕਿਸੇ ਕੀਰਤਨੀਏ ਨੂੰ ਕੋਈ ਮੁਸ਼ਕਲ ਹੋਵੇ ਤੇ ਉਨ੍ਹਾਂ ਨੂੰ ਬੇਨਤੀ ਹੈ ਕਿ ਇੱਕ ਜਪੁਜੀ ਸਾਹਿਬ ਦਾ ਪਾਠ ਤੇ ਇੱਕ ਰਾਗ ਮਾਲਾ ਦਾ ਪਾਠ ਰੋਜ਼ ਪੜ੍ਹਿਆ ਕਰੋ। ਉਹ ਫਿਰ ਤੁਹਾਨੂੰ ਕੀਰਤਨ ਦੀ ਵਿਦਿਆ ਵਿੱਚ ਆਪੇ ਤਰੱਕੀ ਬਖਸ਼ੇਗਾ। ਜਿੰਨੇ ਕੀਰਤਨੀਏ ਤੇ ਕਥਾ-ਵਿਚਾਰ ਕਰਨ ਵਾਲੇ ਸੰਗਤ ਵਿੱਚ ਵੀ ਬੈਠੇ ਹੋਣ, ਉਨ੍ਹਾਂ ਨੂੰ ਬੇਨਤੀ ਹੈ ਕਿ ਸਾਢੇ ਤਿੰਨ ਘੰਟੇ ਰੋਜ਼ ਜ਼ਰੂਰ ਬੈਠਕ ਦੇਣ। ਜਿੰਨੀ ਸੰਗਤ ਬੈਠੀ ਹੈ ਸਭ ਨੂੰ ਬੇਨਤੀ ਹੈ ਕਿ ਢਾਈ ਘੰਟੇ ਰੋਜ਼ ਸਤਿਗੁਰੂ ਜੀ ਦੇ ਚਰਨਾਂ ਵਿੱਚ 24 ਘੰਟਿਆਂ ਵਿੱਚੋਂ ਹਾਜ਼ਰੀ ਲਗਾਉਣ, ਇਹ ਆਪ ਜੀ ਨੇ ਪ੍ਰਵਾਨਗੀ ਬਖਸ਼ਣੀ ਹੈ। ਦਾਸ ਸਾਰਿਆਂ ਨੂੰ ਬੇਨਤੀ ਕਰਦਾ ਹੈ ਕਿ ਸਾਢੇ ਤਿੰਨ ਘੰਟੇ

ਵਾਲੇ ਸਟੇਜ ਤੇ ਬੈਠੇ ਜਾਂ ਥੱਲੇ ਬੈਠੇ ਹਨ ਪਰ ਆਮ ਸਟੇਜਾਂ ਤੇ ਬੈਠਦੇ ਹਨ, ਪਹਿਲੇ ਉਹ ਹੱਥ ਖੜ੍ਹੇ ਕਰ ਲਓ। ਦਾਸ ਵੀ ਕਰਦਾ ਹੈ ਹੱਥ ਖੜ੍ਹੇ। ਸਿਤਾਰ ਵਾਲਿਆ ਤੂੰ ਵੀ, ਮੈਂਡੋਲੀਅਨ ਵਾਲਿਆਂ ਤੂੰ ਵੀ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦੇਣੀ ਹੈ। ਤਬਲੇ ਵਾਲਾ ਰਹਿ ਗਿਆ ਹੈ। ਤੂੰ ਵੀ ਹੱਥ ਖੜ੍ਹੇ ਕਰ ਦੇ।

*ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥*

ਹੁਣ ਜਿਹੜੀ ਸੰਗਤ ਢਾਈ ਘੰਟੇ ਰੋਜ਼ ਬੈਠਕ ਦੇਵੇਗੀ, ਬੈਠ ਕੇ ਰੋਜ਼ ਨਿਤਨੇਮ ਕਰੋ, ਸੁਖਮਨੀ ਸਾਹਿਬ ਪੜ੍ਹੋ। ਜਪੁਜੀ ਸਾਹਿਬ ਪੜ੍ਹੋ। ਅਗਰ ਆਪ ਜੀ ਸ਼ਹੀਦਾਂ ਸਾਹਿਬ ਗਏ ਹੋ ਜਾਂ ਦਰਬਾਰ ਸਾਹਿਬ ਗਏ ਹੋ, ਅੰਦਰ ਐਂਟਰੀ ਵੇਲੇ ਬਾਹਰ ਆਉਣ ਤੱਕ, ਅੰਦਰ ਕਿਸੇ ਨਾਲ ਕੋਈ ਗੱਲ ਨਹੀਂ ਕਰਨੀ। ਫਤਹਿ ਬੁਲਾਉਣੀ ਪਵੇ ਤੇ ਬੁਲਾ ਲਓ। ਉਹ ਟਾਈਮ ਗਿਣ ਸਕਦੇ ਹੋ। ਸਿਮਰਨ ਕਰਦਿਆਂ, ਜੁੜਿਆਂ ਬਤੀਤ ਹੋਵੇ ਤੁਹਾਡਾ ਅੰਦਰ। ਢਾਈ ਘੰਟੇ ਵਾਲੀਆਂ ਸੰਗਤਾਂ ਹੱਥ ਖੜ੍ਹੇ ਕਰੋ। ਦਰਗਾਹੀ ਪ੍ਰਸ਼ਾਦਿ।

*ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥*

ਹੁਣ ਜਿਹੜੇ ਬਾਕੀ ਰਹਿ ਗਏ ਹਨ, ਡੇਢ ਘੰਟੇ ਤੋਂ ਥੱਲੇ ਕੋਈ ਨਾ ਹੋਵੇ। ਬਾਕੀ ਸਾਰੇ ਡੇਢ ਘੰਟੇ ਲਈ ਹੱਥ ਖੜ੍ਹੇ ਕਰੋ।

*ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥*

ਜਿਨ੍ਹਾਂ ਨੇ ਸਾਢੇ ਤਿੰਨ ਵਿੱਚ ਹੱਥ ਖੜ੍ਹੇ ਨਹੀਂ ਕੀਤੇ, ਢਾਈ ਘੰਟੇ ਵਿੱਚ ਵੀ ਹੱਥ ਖੜ੍ਹੇ ਨਹੀਂ ਕੀਤੇ ਤੇ ਡੇਢ ਘੰਟੇ ਵਿੱਚ ਵੀ ਹੱਥ ਖੜ੍ਹੇ ਨਹੀਂ ਕੀਤੇ, ਉਹ ਹੁਣ ਹੱਥ ਖੜ੍ਹੇ ਕਰੋ। ਗੁਰੂ ਦੀ ਹਜ਼ੂਰੀ ਵਿੱਚ ਬੈਠੇ ਹੋ। ਪੂਰੇ ਭੈਅ ਨਾਲ ਹੱਥ ਖੜ੍ਹੇ ਕਰਨਾ, ਦਰਗਾਹੀ ਪ੍ਰਸ਼ਾਦਿ ਹੈ। ਥੋੜ੍ਹੇ ਹੀ ਨਿਕਲੇ ਹਨ। ਤੁਸੀਂ ਵੀ ਭਾਈ ਡੇਢ ਘੰਟੇ ਲਈ ਪੂਰਾ ਯਤਨ ਲਗਾਇਓ। ਦੋ ਚਾਰ ਹੀ ਹਨ। ਸਾਰੀਆਂ ਸੰਗਤਾਂ ਨੂੰ ਵਧਾਈ। ਨਾਲ ਇਹ ਵੀ ਜੁਗਤੀ ਹੈ ਕਿ ਕਾਪੀਆਂ ਲਗਾ ਲਓ ਤੇ ਰੋਜ਼ ਦੀ ਰੋਜ਼ ਨੇਮ ਲਿਖਿਆ ਕਰੋ। ਮੈਂ ਅੱਜ ਢਾਈ ਘੰਟੇ ਜਾਂ ਡੇਢ ਘੰਟਾ ਜਾਂ ਸਾਢੇ ਤਿੰਨ ਘੰਟੇ ਜੋ ਵੀ ਹੱਥ ਖੜ੍ਹੇ ਕੀਤੇ ਹਨ, ਉਹ ਅੱਜ ਦੇ ਦਿੱਤੇ ਹਨ। ਮਹੀਨਾ ਲਗਾ ਲਓ। ਫਿਰ ਤੁਹਾਨੂੰ ਡਾਇਰੀ ਲਗਾਉਣ ਦੀ ਲੋੜ ਨਹੀਂ ਪਵੇਗੀ। ਮਹੀਨਾ ਕੁ ਡੱਟ ਕੇ ਕਰ ਲਵੋਗੇ ਤੇ ਅਗਾਂਹ ਤੁਹਾਡੇ ਪੁੰਨ ਵੱਧ ਜਾਣਗੇ ਤੇ ਫਿਰ ਆਪੇ ਸਤਿਗੁਰੂ ਕਰਵਾਈ ਜਾਣਗੇ। ਸਾਰੀਆਂ ਸੰਗਤਾਂ ਨੂੰ ਵਧਾਈ ਹੈ। ਇੱਕ ਬੱਚਾ ਆਇਆ ਹੈ। ਵੇਖੋ, ਕਹਿੰਦਾ ਹੈ, ਸਾਡੇ ਵਾਸਤੇ ਕਿੰਨਾ ਟਾਈਮ ਹੈ। ਦਰਗਾਹੀ ਪ੍ਰਸ਼ਾਦਿ। ਕਿੰਨੀ ਘੁੰਡੀ ਕੱਢੀ ਹੈ ਇਸ ਨੇ। ਹੁਣ ਜਿਹੜੇ ਬੱਚੇ ਹਨ, ਸਾਡੇ ਦਿਮਾਗ ਵਿੱਚ ਨਹੀਂ ਆਇਆ। ਇਸ ਬੱਚੇ ਨੇ ਦਾਸ ਦੇ ਦਿਮਾਗ ਵਿੱਚ ਗੱਲ ਲਿਆਂਦੀ ਹੈ। ਸੋ, ਇਸ ਉਮਰ ਦੇ ਬੱਚੇ। 10-12 ਸਾਲ ਦੇ ਬੱਚੇ ਉਹ 45 ਮਿੰਟ ਬੈਠਕ ਦੇ ਦਿਆ ਕਰੋ। ਇਨ੍ਹਾਂ ਵਾਸਤੇ ਪੌਣਾ ਘੰਟਾ। ਬੈਠ ਕੇ ਭਾਵੇਂ ਜਪੁਜੀ ਸਾਹਿਬ ਪੜ੍ਹੋ। ਜੇਕਰ ਕੋਈ ਹੋਰ ਬਾਣੀ ਪੜ੍ਹਨੀ ਆਉਂਦੀ ਹੈ ਉਹ ਪੜ੍ਹੋ, ਸਿਮਰਨ ਕਰੋ ਧਿਆਨ ਰੱਖਿਓ ਪੌਣਾ ਘੰਟਾ ਭਾਵ 45 ਮਿੰਟ ਬੈਠਿਆਂ ਨੇ ਗੁਰੂ ਚਰਨਾਂ ਵਿੱਚ ਬਤੀਤ ਕਰਨੇ।

*ਬੋਲੇ ਸੋ ਨਿਹਾਲ ॥ ਸਤਿ ਸ੍ਰੀ ਅਕਾਲ ॥*

ਬਾਬਾ ਨੰਦ ਸਿੰਘ ਜੀ ਵੇਲੇ ਰਜਿਸਟਰ ਲੱਗਾ ਹੁੰਦਾ ਸੀ। ਸਾਰੇ ਉੱਥੇ ਲਿਖ ਕੇ ਜਾਂਦੇ ਸੀ ਕਿ ਕਿੰਨਾ ਦਰਗਾਹੀ ਪ੍ਰਸ਼ਾਦਿ ਖੜ੍ਹਿਆ। ਜਿਹੜਾ ਵੱਧ ਖੜ੍ਹੇ, ਬਾਬਾ ਜੀ ਉਸ ਤੇ ਵੱਧ ਖੁਸ਼ੀ ਦਿੰਦੇ ਸੀ। ਬਾਬਾ ਈਸ਼ਰ ਸਿੰਘ ਜੀ ਵੇਲੇ ਸੰਗਤਾਂ ਬਹੁਤ ਵੱਧ ਗਈਆਂ। ਫਿਰ ਰਜਿਸਟਰ ਨਹੀਂ ਤੇ ਹੱਥ ਖੜ੍ਹੇ ਕਰਵਾ ਦੇਣੇ ਤੇ ਇਸ ਕਰਕੇ ਹੁਣ ਫਿਰ ਪਰਿਵਾਰ ਵੱਡੇ ਹਨ ਤੇ ਕਿਰਪਾ ਕਰਨੀ ਜੋ ਜੋ ਹੱਥ ਖੜ੍ਹੇ ਕੀਤੇ ਹਨ, ਰੋਜ਼ ਕਾਪੀ ਤੇ ਲਿਖਣਾ ਹੈ। ਜਾਂ ਜ਼ਬਾਨੀ ਪੱਕਾ ਪਹਿਰਾ ਦੇਣਾ ਹੈ ਕਿ ਇੰਨੇ ਘੰਟੇ ਮੈਂ ਲਗਾਏ ਹਨ ਜਾਂ ਨਹੀਂ। ਚਾਰ ਗਰੁੱਪ ਹੋ ਗਏ। ਸਾਢੇ ਤਿੰਨੇ ਘੰਟੇ ਵਾਲੇ, ਢਾਈ ਘੰਟੇ ਵਾਲੇ, ਡੇਢ ਘੰਟੇ ਵਾਲੇ, ਬੱਚੇ ਜਿਹੜੇ ਛੋਟੇ ਹਨ, ਉਹ ਪੌਣੇ ਘੰਟੇ ਵਾਲੇ। ਸਾਰੇ ਇਸ ਵਿੱਚ ਪਿਆਰ ਬਖਸ਼ਣਾ। ਆਓ ਜੀ ਪੜ੍ਹੋ ਪਿਆਰ ਨਾਲ ਫਿਰ ਸਮਾਪਤੀ ਹੈ :

*ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥*

*(ਅੰਗ ੩੧੩)*

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

‘‘ਬਾਬਾ ਜੀ! ਅਜੀਤਵਾਲ ਤੋਂ ਆਏ ਹਾਂ।’’ ਪੁੱਛਣ ’ਤੇ ਉਨ੍ਹਾਂ ਨੇ ਦੱਸਿਆ, ‘‘ਗੁਰੂ ਸਰ ਕਾਓਂਕੇ ਇਸ਼ਨਾਨ ਕਰਨ ਆਏ ਸੀ। ਅਸੀਂ ਕਿਹਾ ਇੱਥੇ ਵੀ ਦਰਸ਼ਨ ਕਰ ਆਈਏ।’’

‘‘ਹੱਛਾ ਭਾਈ! ਫਿਰ ਤਾਂ ਦੋ ਕੰਮ ਹੋ ਗਏ, ਨਾਲ ਮੁੰਜ ਬਕਰ ਦਾ ਸੌਦਾ ਨਾਲੇ ਦੇਵੀ ਦਰਸ਼ਨ।’’ ਬਾਬਾ ਜੀ ਨੇ ਪ੍ਰਸੰਨਤਾ ਵਿੱਚ ਬਚਨ ਕੀਤਾ। ਬਾਬਾ ਜੀ ਅਜੇ ਬਚਨ ਕਰ ਹੀ ਰਹੇ ਸਨ ਕਿ ਇੱਕ ਹੋਰ ਪ੍ਰੇਮੀ ਆ ਗਿਆ। ਉਹ ਮਾਝੇ ਤੋਂ ਤੇਜੂ ਲੰਬੜਦਾਰ ਦਾ ਪੁੱਤਰ ਸੀ।

‘‘ਬਾਬਾ ਜੀ ਸਾਡਾ ਸਾਂਝੀ ਭੱਜ ਆਇਆ ਸੀ। ਉਸਦੇ ਮਗਰ ਗਾਲਬ ਆਇਆ ਸਾਂ। ਕਹਿਆ ਆਇਆ ਤੇ ਹਾਂ, ਦਰਸ਼ਨ ਕਰਕੇ ਲੰਘਦਾ ਜਾਵਾਂ।’’ ਪੁੱਛਣ ਤੇ ਉਸਨੇ ਦੱਸਿਆ।

‘‘ਹੱਛਾ ਭਾਈ! ਫਿਰ ਤਾਂ ਤੇਰੇ ਵੀ ਦੋ ਕੰਮ ਹੋ ਗਏ।’’ ਬਾਬਾ ਜੀ ਨੇ ਬਚਨ ਕੀਤਾ। ਬਾਬਾ ਜੀ ਨੇ ਆਪਣੇ ਸੁਭਾਅ ਅਨੁਸਾਰ ਸਾਰਿਆਂ ਨੂੰ ਨਿਤਨੇਮ ਵਿੱਚ ਪ੍ਰਪੱਕ ਹੋਣ ਦਾ ਬਚਨ ਕੀਤਾ।

ਪੂਰਨਮਾਸ਼ੀ ਤੇ ਕਿਲ੍ਹਾ ਗੁੱਜਰ ਸਿੰਘ ਲਾਹੌਰ ਤੋਂ ਬੱਸ ਤੇ ਸੰਗਤ ਦਰਸ਼ਨਾਂ ਲਈ ਆਈ। ਸੰਗਤ ਵਿੱਚ ਭਾਈ ਮੂਲਾ ਸਿੰਘ ਅਤੇ ਭਾਈ ਸੁੰਦਰ ਸਿੰਘ ਵੀ ਸਨ। ਭਾਈ (ਸੰਤ) ਸੁਜਾਨ ਸਿੰਘ ਜੀ ਅਕਸਰ ਕਿਲ੍ਹਾ ਗੁੱਜਰ ਸਿੰਘ ਆਇਆ ਕਰਦੇ। ਉਨ੍ਹਾਂ ਪਾਸੋਂ ਬਾਬਾ ਜੀ ਦੇ ਬਚਨ ਸੁਣ ਕੇ ਦਰਸ਼ਨਾਂ ਦੀ ਖਿੱਚ ਪੈਦਾ ਹੋਈ, ਪਰ ਅਜੇ ਤਕ ਇਹ ਸੁਭਾਗ ਪ੍ਰਾਪਤ ਨਹੀਂ ਸੀ ਹੋਇਆ।

ਭਾਈ ਮੂਲਾ ਸਿੰਘ, ਭਾਈ ਦਲੀਪ ਸਿੰਘ ਲਾਹੌਰ ਵਾਲੇ ਦਾ ਮਿੱਤਰ ਸੀ। ਭਾਈ ਦਲੀਪ ਸਿੰਘ ਪਾਸੋਂ ਬਚਨ ਸੁਣਨੇ ਤਾਂ ਦਿਲ ਨਾ ਭਰਦਾ। ਹੋਰ ਬਚਨ ਸੁਣਨ ਦੀ ਇੱਛਾ ਹੋਣੀ। ਭਾਈ ਦਲੀਪ ਸਿੰਘ ਨੇ ਪੁੰਨਿਆ ਤੇ ਜਾ ਕੇ ਆਉਣਾ ਤਾਂ ਕਿਲ੍ਹਾ ਗੁੱਜਰ ਸਿੰਘ ਦੇ ਵਾਸੀਆਂ ਨੂੰ ਬਾਬਾ ਜੀ ਦੇ ਬਚਨ ਸੁਣਾ ਕੇ ਪਾਠ ਕਰਨ ਲਈ ਪ੍ਰੇਰਨਾ। ਮੂਲਾ ਸਿੰਘ ਵੀ ਸਮੇਂ ਦਾ ਦਸਵੰਧ ਲੇਖੇ ਲਾਉਣ ਲੱਗਾ ਸੀ। ਬਾਬਾ ਜੀ ਦੀ ਇਲਾਹੀ ਸ਼ਖਸੀਅਤ ਦੇ ਦਰਸ਼ਨਾਂ ਦੀ ਉਸਦੀ ਖਾਹਿਸ਼ ਉਸ ਵੇਲੇ ਪੂਰੀ ਹੋਈ ਜਦ ਬਾਬਾ ਜੀ ਨੇ ਝੰਗ ਮਘਿਆਣੇ ਤੋਂ ਮਾਲਵੇ ਵੱਲ ਆਉਂਦੇ ਹੋਏ ਸੰਗਤ ਦਾ ਪ੍ਰੇਮ ਦੇਖ ਕੇ ਕੁਝ ਸਮਾਂ ਲਾਹੌਰ ਦਿੱਤਾ। ਥੋੜ੍ਹੇ ਸਮੇਂ ਵਿੱਚ ਦਿਲ ਨਾ ਭਰਿਆ। ਨਾਨਕਸਰ ਕਲੇਰੀਂ ਜਾਣ ਦਾ ਵਿਚਾਰ ਬਣਾਇਆ। ਸਬੱਬ ਉਸ ਵੇਲੇ ਬਣਿਆ ਜਦ ਪੂਰਨਮਾਸ਼ੀ ਤੋਂ ਇਕ-ਦੋ ਦਿਨ ਪਹਿਲਾਂ ਭਾਈ (ਸੰਤ) ਸੁਜਾਨ ਸਿੰਘ ਜੀ ਆਪਣੇ ਜੱਥੇ ਸਮੇਤ ਲਾਇਲਪੁਰ ਤੋਂ ਆਏ। ਉਨ੍ਹਾਂ ਨੇ ਪੂਰਨਮਾਸ਼ੀ ਤੇ ਨਾਨਕਸਰ ਆਉਣਾ ਸੀ। ਤੇਈ-ਚੌਵੀ ਪ੍ਰੇਮੀ ਨਾਲ ਜਾਣ ਲਈ ਤਿਆਰ ਹੋਏ ਤਾਂ ਬੱਸ ਦਾ ਪ੍ਰਬੰਧ ਕਰ ਲਿਆ ਗਿਆ।

ਨਾਨਕਸਰ ਪੁੱਜ ਕੇ ਬੱਸ ਤੋਂ ਉਤਰੇ ਤਾਂ ਦੇਖਿਆ ‘ਜੰਗਲ ਦਾ ਮਾਮਲਾ’ ਹੈ। ਇਹ ਤਾਂ ਸਾਰੇ ਜਾਣਦੇ ਸਨ ਕਿ ‘ਜੰਗਲ ਵਿੱਚ ਮੰਗਲ’ ਲੱਗਾ ਹੋਇਆ ਹੈ ਪਰ ਸੁੰਦਰ ਸਿੰਘ ਦੇ ਮਨ ਵਿੱਚ ਤਸਵੀਰ ਕੁਝ ਹੋਰ ਸੀ।

‘‘ਲਾਹੌਰੋਂ ਆਏ ਹਾਂ। ਕਿਸੇ ਨੇ ਪੁੱਛਿਆ ਹੀ ਨਹੀਂ।’’ ਉਸਦੇ ਮੂੰਹੋਂ ਨਿਕਲਿਆ। ਇੱਕ-ਦੋ ਸਾਥੀਆਂ ਨੇ ਅਜਿਹੇ ਵਿਚਾਰ ਪ੍ਰਗਟਾਉਣ ਤੋਂ ਵਰਜਿਆ। ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਇੱਕ ਬਿਹੰਗਮ ਤੇਲ, ਸਾਬਣ ਅਤੇ ਤੌਲੀਆ ਲੈ ਕੇ ਉਨ੍ਹਾਂ ਪਾਸ ਆ ਕੇ ਪੁੱਛਣ ਲੱਗਾ, ‘‘ਲਾਹੌਰੋਂ ਕਿਹੜੀ ਸੰਗਤ ਆਈ ਐ?’’

‘‘ਅਸੀਂ ਆਏ ਹਾਂ ਲਾਹੌਰ ਤੋਂ।’’ ਉਨ੍ਹਾਂ ਦੱਸਿਆ। ‘‘ਆਹ ਲਓ...’’ ਉਸਨੇ ਸਾਬਣ, ਤੌਲੀਆ ਅਤੇ ਤੇਲ ਅੱਗੇ ਕਰਦਿਆਂ ਕਿਹਾ, ‘‘ਬਾਬਾ ਜੀ ਨੇ ਭੇਜੀਆਂ ਨੇ ਇਹ ਚੀਜ਼ਾਂ। ਇਸ਼ਨਾਨ ਕਰਕੇ ਦੀਵਾਨ ਵਿੱਚ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਓ।’’ ਬੜੇ

ਹੈਰਾਨ ਹੋਏ। ਉਨ੍ਹਾਂ ਨੇ ਤਾਂ ਆਉਣ ਦਾ ਕੋਈ ਸੁਨੇਹਾ ਨਹੀਂ ਸੀ ਭੇਜਿਆ। ਜੋ ਬਚਨ ਉਹ ਸੁਣਦੇ ਰਹੇ ਸਨ, ਅੱਖਾਂ ਨਾਲ ਦੇਖ ਲਏ ਸਨ। ਐਵੇਂ ਪੂਰਾ ਯਕੀਨ ਵੀ ਨਹੀਂ ਬੱਝਦਾ। ਭੇਖ ਬਣਾ ਕੇ ਸੁਆਰਥ ਪੂਰਨ ਵਾਲੇ ਵੀ ਝੂਠੀ ਸਿਫਤ ਕਰਾ ਲੈਂਦੇ ਨੇ ਪਰ ਗੱਲ ਤੇ ਤਾਂ ਹੈ ਨਾ ਜਦ ਕੰਨੀ ਸੁਣੀ ਅੱਖਾਂ ਅੱਗੇ ਵੀ ਆਵੇ।

*ਸਿਫਤਾਂ ਦੇ ਪੁਲ ਬੰਨ੍ਹਦੀ ਦੁਨੀਆਂ*
*ਜਦ ਸਿਫਤ ਕਰਨ ਤੇ ਆਵੇ।*
*ਸੁਆਦ ਤੇ ਆਉਂਦਾ ਤਾਂ ਹੀ*
*ਮੂੰਹ ਦੀ ਗੱਲ ਅੱਖਾਂ ਅੱਗੇ ਆਵੇ।*

"ਕੀ ਲੈ ਕੇ ਆਏ ਓ?" ਬਾਬਾ ਜੀ ਪਾਸ ਗਏ ਤਾਂ ਬਾਬਾ ਜੀ ਨੇ ਪੁੱਛਿਆ।

ਪ੍ਰਸ਼ਾਦ ਸਾਰੇ ਭੇਟ ਕਰ ਹੀ ਚੁੱਕੇ ਸਨ, ਕੁਝ ਸਮਝ ਨਾ ਆਇਆ। ਕੁਝ ਨੇ ਜੇਬਾਂ ਵਿੱਚ ਹੱਥ ਮਾਰਨੇ ਸ਼ੁਰੂ ਕਰ ਦਿੱਤੇ। ਮੂਲਾ ਸਿੰਘ ਨੇ ਸੋਚਿਆ ਸ਼ਾਇਦ ਬਾਬਾ ਜੀ ਉਨ੍ਹਾਂ ਪਾਠਾਂ ਦੀ ਗੱਲ ਕਰ ਰਹੇ ਹਨ ਜੋ ਆਪ ਜੀ ਪੂਰਨਮਾਸ਼ੀ ਦੇ ਦੀਵਾਨ ਵਿੱਚ ਬਚਨ ਕਰਦਿਆਂ ਦੱਸਿਆ ਕਰਦੇ ਨੇ ਤੇ ਜੋ ਭਾਈ ਦਲੀਪ ਸਿੰਘ ਉਸਨੂੰ ਦੱਸਿਆ ਕਰਦਾ।

"ਭਾਈ ਪਾਠ ਤਾਂ ਜੋ ਕਰੇ ਜਾਂ ਪ੍ਰੇਮ ਨਾਲ ਕਰਾਏ ਫਲ ਉਸਨੂੰ ਹੀ ਮਿਲੇਗਾ।" ਬਾਬਾ ਜੀ ਨੇ ਮੂਲਾ ਸਿੰਘ ਵੱਲ ਦੇਖ ਕੇ ਬਚਨ ਕੀਤਾ। ਬਾਬਾ ਜੀ ਦੀਆਂ ਰਮਜ਼ਾਂ ਕੌਣ ਸਮਝੇ!

*ਬਹੁਤ ਮਿਲ ਜਾਏਂਗੇ ਜੋ ਕਹਲਾਤੇ ਹੈਂ ਖੁਦ ਕੋ ਸਯਾਨੇ।*
*ਬੂਝੈ ਜੋ ਰਾਜ਼ ਰਮਜ਼ ਵਾਲਾ ਸਯਾਨਾ ਉਸਕੋ ਤਬ ਜਾਨੇ।*

*-ਚਲਦਾ*

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਾਡੇ ਸਿਫਤਿ ਸਾਲਾਹ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਰਸਾਲੇ ਵਾਸਤੇ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 58/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) **RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ**
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
**ਖਾਤਾ ਨੰ. 55031111026** ਬੈਂਕ :- ਸਟੇਟ ਬੈਂਕ ਆਫ ਇੰਡੀਆ
**IFSC ਕੋਡ ਨੰ. SBIN0050245** ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 237/- ਰੁਪਏ, ਪੰਜ ਸਾਲ ਦਾ ਚੰਦਾ 450/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਦੋ ਸਾਲ | 200+37=237/- |
| ਪੰਜ ਸਾਲ | 400+50=450/- |
| ਲਾਈਫ | 1600+85=1685/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਪਰਖ ਤੇ ਪ੍ਰਪੱਕਤਾ

ਅੰਕ 127 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ।

—ਸੰਪਾਦਕ

1. ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਅਸਥਾਨ ਦੱਸੋ?
ੳ) ਸ੍ਰੀ ਖਡੂਰ ਸਾਹਿਬ ਅ) ਸ੍ਰੀ ਗੋਇੰਦਵਾਲ ਸਾਹਿਬ ੲ) ਮੱਤੇ ਦੀ ਸਰ੍ਹਾਂ (ਜ਼ਿਲ੍ਹਾ ਫਿਰੋਜ਼ਪੁਰ)
2. ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਿਹੜਾ ਨਗਰ ਵਸਾਇਆ?
ੳ) ਸ੍ਰੀ ਅੰਮ੍ਰਿਤਸਰ ਸਾਹਿਬ ਅ) ਸ੍ਰੀ ਅਨੰਦਪੁਰ ਸਾਹਿਬ ੲ) ਸ੍ਰੀ ਖਡੂਰ ਸਾਹਿਬ
3. ਭਾਈ ਗੁਰਦਾਸ ਜੀ ਦੁਨਿਆਵੀ ਰਿਸ਼ਤੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਦੇ ਕੀ ਲੱਗਦੇ ਸਨ?
ੳ) ਭਾਣਜੇ ਅ) ਭਤੀਜੇ ੲ) ਭਣੇਵੇ
4. ਖਾਲਸੇ ਦਾ ਜਨਮ ਦਿਨ ਹਰ ਸਾਲ ਕਦੋਂ ਅਤੇ ਕਿੱਥੇ ਮਨਾਇਆ ਜਾਂਦਾ ਹੈ?
ੳ) ਹਰ ਸਾਲ ਵਿਸਾਖੀ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਅ) ਹੋਲੇ ਮਹੱਲੇ ਵਾਲੇ ਦਿਨ, ਸ੍ਰੀ ਅਨੰਦਪੁਰ ਸਾਹਿਬ ੲ) ਮਾਘੀ ਵਾਲੇ ਦਿਨ, ਸ੍ਰੀ ਮੁਕਤਸਰ ਸਾਹਿਬ
5. ''ਮਿਤ੍ਰ ਪਿਆਰੇ ਨੂੰ'' ਸ਼ਬਦ ਕਿਹੜੇ ਮਹਾਨ ਸਤਿਗੁਰੂ ਜੀ ਨੇ ਕਿੱਥੇ ਉਚਾਰਨ ਕੀਤਾ?
ੳ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ, ਸ੍ਰੀ ਅਕਾਲ ਤਖਤ ਸਾਹਿਬ ਅ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ, ਸ੍ਰੀ ਅਨੰਦਪੁਰ ਸਾਹਿਬ ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਮਾਛੀਵਾੜੇ ਦੇ ਜੰਗਲਾਂ ਵਿੱਚ
6. ਧੰਨ ਧੰਨ ਬਾਬਾ ਦੀਪ ਸਿੰਘ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਕਿਤਨੀ ਕੁ ਉਮਰ ਵਿੱਚ ਛਕਿਆ?
ੳ) ਤਕਰੀਬਨ 18 ਸਾਲ ਦੀ ਉਮਰ
ਅ) ਤਕਰੀਬਨ 16 ਸਾਲ ਦੀ ਉਮਰ ਵਿੱਚ
ੲ) ਤਕਰੀਬਨ 20 ਸਾਲ ਦੀ ਉਮਰ ਵਿੱਚ
7. ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿੰਨੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ?
ੳ) 5 ਗੁਰੂ ਸਾਹਿਬਾਨਾਂ ਦੀ ਅ) 4 ਗੁਰੂ ਸਾਹਿਬਾਨਾਂ ਦੀ ੲ) 6 ਗੁਰੂ ਸਾਹਿਬਾਨਾਂ ਦੀ
8. ਉਸ ਗੁਰੂ ਜੀ ਦਾ ਨਾਮ ਦੱਸੋ, ਜਿਨ੍ਹਾਂ ਦਾ ਪਿਤਾ, ਨਾਨਾ, ਪੁੱਤਰ, ਪੋਤਰਾ ਅਤੇ ਪੜਪੋਤਰਾ ਇਹ ਸਭ ਗੁਰੂ ਹੋਏ ਹਨ?
ੳ) ਧੰਨ ਧੰਨ ਸ੍ਰੀ ਗੁਰੂ ਅਮਰ ਦਾਸ ਜੀ ਅ) ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ੲ) ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
9. ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਕਿਹੜੇ ਮਹਾਨ ਯੋਧੇ ਸਿੱਖ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ?
ੳ) ਬਾਬਾ ਦੀਪ ਸਿੰਘ ਜੀ ਨੇ ਅ) ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ੲ) ਬਾਬਾ ਬਿਧੀ ਚੰਦ ਜੀ ਨੇ
10. ਭਾਈ ਬਚਿੱਤਰ ਸਿੰਘ ਜੀ ਦੇ ਪਿਤਾ ਜੀ ਦਾ ਨਾਮ ਦੱਸੋ?
ੳ) ਭਾਈ ਮਨੀ ਸਿੰਘ ਜੀ ਅ) ਭਾਈ ਪਿਰਾਗਾ ਜੀ ੲ) ਭਾਈ ਦਿਆਲਾ ਜੀ

## ਪਿਛਲੇ ਅੰਕ ਦੇ ਸਹੀ ਜਵਾਬ :-

1. ਰਾਇ ਭੋਏ ਦੀ ਤਲਵੰਡੀ (ਗੁ: ਨਨਕਾਣਾ ਸਾਹਿਬ), 2. ਸ੍ਰੀ ਕਰਤਾਰਪੁਰ ਸਾਹਿਬ, 3. ਤਕਰੀਬਨ 5 ਸਾਲ, 4. ਮੱਖਣ ਸ਼ਾਹ ਲੁਬਾਣੇ ਦਾ, 5. ਭੂਆ ਜੀ, 6. ਬੀਬੀ ਭਾਨੀ ਜੀ, 7. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 4 ਸਰੂਪਾਂ ਦੇ, 8. ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ, 9. ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, 10. ਦੀਵਾਨ ਟੋਡਰ ਮੱਲ ਜੀ ਨੇ।

## ਜੇਤੂਆਂ ਦੇ ਨਾਮ :

1. ਹਰਲੀਨ ਕੌਰ (ਮਾਨਸਾ), 2. ਸ੍ਰ. ਰਜਿੰਦਰ ਸਿੰਘ ਸਾਬਕਾ ਸਰਪੰਚ (ਮੋਹਾਲੀ), 3. ਬੀਬੀ ਜਸਬੀਰ ਕੌਰ ਬਾਜਵਾ (ਸ਼ਹੀਦ ਭਗਤ ਸਿੰਘ ਨਗਰ), 4. ਕੈਪਟਨ ਗੁਰਚਰਨ ਸਿੰਘ (ਤਰਨ ਤਾਰਨ ਸਾਹਿਬ), 5. ਸ੍ਰ. ਗੁਰਦੇਵ ਸਿੰਘ ਮਾਨ (ਬਠਿੰਡਾ), 6. ਬੀਬੀ ਸੁਰਜੀਤ ਕੌਰ (ਜ਼ਿਲ੍ਹਾ ਔਰੰਗਾਬਾਦ), 7. ਸ੍ਰ. ਕਸ਼ਮੀਰ ਸਿੰਘ (ਹਰਿਆਣਾ), 8. ਕੈਪਟਨ ਪਾਲ ਸਿੰਘ (ਜ਼ਿਲ੍ਹਾ ਫਤਹਿਗੜ੍ਹ ਸਾਹਿਬ), 9. ਸ੍ਰ. ਹਰਦਿਆਲ ਸਿੰਘ ਭਾਟੀਆ (ਜ਼ਿਲ੍ਹਾ ਸੋਲਨ), 10. ਸ੍ਰ. ਕੰਵਲਜੀਤ ਸਿੰਘ (ਲੁਧਿਆਣਾ), 11. ਬੀਬੀ ਹਰਵਿੰਦਰ ਕੌਰ (ਲੁਧਿਆਣਾ), 12. ਸ੍ਰ. ਸਲਵਿੰਦਰ ਸਿੰਘ (ਮੋਹਾਲੀ), 13. ਬੀਬੀ ਗੁਰਪ੍ਰੀਤ ਕੌਰ (ਬਠਿੰਡਾ), 14. ਬੀਬੀ ਹਰਭਜਨ ਕੌਰ (ਪਟਿਆਲਾ), 15. ਸ੍ਰ. ਜਸਕੀਰਤ ਸਿੰਘ (ਲੁਧਿਆਣਾ), 16. ਬੀਬੀ ਪ੍ਰੀਤਮ ਕੌਰ (ਜ਼ਿਲ੍ਹਾ ਸੰਗਰੂਰ), 17. ਕੈਪਟਨ ਭਜਨ ਸਿੰਘ (ਅੰਮ੍ਰਿਤਸਰ)

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

ਗੁਰਮੁਖੋ ! ਗੁਰੂ ਕੇ ਚਰਨਾਂ ਤੇ ਜੋ ਵੀ ਸਿੱਖ ਨਿਮਾਣਾ ਹੋ ਕੇ ਢਹਿ ਪਿਆ ਹੈ ਉਸ ਦੀ ਕਰਮ ਰੇਖਾ ਮੁੱਕ ਗਈ ਹੈ। ਉਸ ਦਾ ਹਿਸਾਬ ਚੁੱਕ ਗਿਆ ਹੈ।

252

ਸੰਗ੍ਰਹਿ ਕਰਤਾ- ਸੰਪਾਦਕ

ਅੱਗ ਵਿੱਚ ਕੋਈ ਚੀਜ਼ ਜਿਵੇਂ ਮਰਜ਼ੀ ਸੁੱਟ ਦਿਓ ਉਸਨੇ ਸੜ ਹੀ ਜਾਣਾ ਹੈ, ਇਸੇ ਤਰ੍ਹਾਂ ਗੁਰਬਾਣੀ ਮਨ ਜੋੜ ਕੇ ਪੜ੍ਹੋ ਪਰ ਜੇ ਮਨ ਨਹੀਂ ਵੀ ਜੁੜਿਆ ਤਾਂ ਵੀ ਗੁਰਬਾਣੀ ਨੇ ਸਾਡਾ ਕੋਈ ਨਾ ਕੋਈ ਪਾਪ ਸਾੜ ਹੀ ਦੇਣਾ ਹੈ।

253

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

90

ਪਰਮੇਸ਼ਰ ਦਿਖਦਾ ਨਹੀਂ ਹੈ, ਪਰ ਨਾਮ ਜਪੀਏ ਤਾਂ ਪਰਗਟ ਹੋ ਜਾਂਦਾ ਹੈ। ਬਿਅੰਨ ਅੱਖਾਂ ਖੁੱਲ੍ਹ ਜਾਂਦੀਆਂ ਹਨ।

91

ਪਰਮੇਸ਼ਰ ਦੇ ਪਿਆਰਿਆਂ ਦੇ ਕਾਰਜ ਅਚਿੰਤ ਹੀ ਰਾਸ ਹੋ ਜਾਇਆ ਕਰਦੇ ਹਨ।

—ਭਾਈ ਅਮਰੀਕ ਸਿੰਘ ਗਨੈਸਕ

*श्रृंखला जोड़ने के लिए पिछला अंक देखें-*

## प्रश्न उत्तर

# ज़िंदगी की बारीकियाँ

प्यारे पाठको, कई बार आध्यात्मिक रूप में संगतें अपने मन के विचार या परमार्थ पर चलने के लिए महत्वपूर्ण प्रश्न भाई साहिब भाई गुरइकबाल सिंघ जी से व्यक्त करती रहती हैं। गुरु साहिब जी की कृपा से इन प्रश्नों को उत्तर के साथ पिछले काफी समय से श्रृंखलाबद्ध ढंग से सिफति सालाह में प्रकाशित कर रहे हैं, क्योंकि लगभग प्रत्येक जिज्ञासु को इनका सामना करना पड़ता है। क्या मालूम किसी को अपना उत्तर इसमें से प्राप्त हो जाए और ज़िंदगी की बारीकियां समझ सके। पिछले अंकों में 466 प्रश्न-उत्तर दिए गए थे। गुरु साहिब जी की कृपा से श्रृंखला आगे बढ़ा रहे हैं। हम धन्यवादी हैं समूह संगत के जिन्होंने उद्यम-प्रयास किया है।

-बीबी जतिंदर कौर (ज्योति दारा बहन जी, अमरीका वाले)

**467 प्रश्न:** आदरणीय वीर जी, हम अपने आपको सिक्ख कहलाते हैं पर सिक्खी की मुख्य निशानी क्या है? सिक्खी का मूल क्या है?

**उत्तर:** प्रश्न बहुत गहरा है। सिक्खी के मूल का न पता हो तो कई बार सारी ज़िन्दगी भ्रम में बीत जाती है। सिक्खी के मूल का पता हो तो की हुई कमाई भी संभाली रहेगी। हमारे सिक्ख धर्म में दो मुख्य स्रोत हैं। पहला धन्य धन्य श्री गुरु ग्रंथ साहिब जी और दूसरा हमारा सिक्ख इतिहास। सिक्ख इतिहास को अगर ध्यान से विचारें तो हमें सिक्खी के मूल की बारीकियों के बारे में पता चलता है। छठे पातशाह श्री गुरु हरिगोबिंद साहिब जी महाराज के समय एक बड़े प्यारे नाम बंदगी वाले गुरसिक्ख हुए हैं, भाई चूहड़ जी, इन्होंने एक दिन गुरु साहिब जी को विनती की, "पातशाह जी! सिक्खी का मूल क्या है?"

श्री गुरु हरिगोबिंद साहिब जी ने सूझ प्रदान की, कहने लगे, "सिक्खी के मूल की तीन निशानियाँ हैं।" पहली निशानी में महाराज जी ने दो वचन किए है। सतिगुरु जी कहने लगे मन को नम्रता में रखना तथा किसी की खुशी छीन कर खुशी न लेना भाव यह कि सिक्खी का मूल है नम्रता, गरीबी। सिक्खी की जड़ है नम्रता।

महापुरुष वचन करते थे यदि नीव पक्की है तो जितनी मर्जी मंजिले डालते जाओ तथा फिर कोई खतरा नहीं। यदि नीव मजबूत नहीं तो डाली हुई मंजिलों के गिरने का खतरा बना रहता है।

महापुरुष वचन करते थे सिक्ख के बोल-चाल में भी नम्रता हो, सिक्ख के चलने में भी नम्रता हो, सिक्ख के पहरावे में भी नम्रता हो, यदि हमारे वचनों में नम्रता नहीं आई तो जगह-जगह परीक्षाएँ आएँगी।

पता नहीं परमेश्वर की क्या लीला है। कामी बख्शे गए, क्रोधी बख्शे गए, विकारी बख्शे गए पर नहीं बख्शा गया तो एक अहंकारी नहीं बख्शा गया। गुरु तथा सिक्ख के बीच एक बहुत बड़ी दीवार है अहंकार की, जो गुरु तक सिक्ख को नहीं पहुँचने देती।

एक बार दास अमेरिका कीर्तन की हाजरी भरकर उठा 6 से 7 बजे तक हाजरी थी तथा आगे एक और मेरीलैंड शहर में समागम था 8 से 9 बजे तक। हमारे साथ संगत सहित चार कारें थीं जिन में से एक कार महिला चला रही थी। हमने उस महिला को कहा कि बहन जी, आप अपनी कार इनकी गाड़ी के पीछे रखना ताकि इकट्ठे अगले समागम पर पहुँच सकें। वह महिला दम मार कर दास को कहने लगी, भाई साहिब जी, आप मुझे कह रहे हो कि मैं इनके पीछे गाड़ी लगा लूँ पर मैंने तो आप सबसे पहले वहाँ पहुँच जाना है। दास ने मन में सोचा अगर इस बीबी को सिक्खी के मूल का पता होता तो इसने यह दम नहीं था मारना। हउमै की बीमारी से हम सबको गुरु साहिब बचा कर रखें। हम 7:40 पर उस समागम पर गुरु साहिब जी की कृपा से पहुँच गए तथा 8 बजे कीर्तन आरंभ हो गया। 8 से 9 बजे तक हाजरी दी। 9:40 तक सारा समागम समाप्त हो गया। हम लंगर छक कर बाहर निकल रहे थे तब वह महिला सामने चली आए तथा कहने लगी कि आज पता नहीं मेरे दिमाग को क्या हो गया। मैं रास्ता ही भूल गई वीर जी, मुझे बहुत घूमकर आना पड़ा है तथा अब पहुँची हूँ। दास ने विनती की बहन जी, आपके दम मारने से यह परीक्षा पड़ी है। आपने कहा था कि मैंने तो सबसे पहले पहुँच जाना है। दास ने कहा कि गुरु साहिब के पदचिन्हों से यह सूझ मिलती है कि सिक्खी का मूल क्या है? मन को नम्रता में रखना। जरा-सा अहम् आ जाए तो परीक्षा आ जाती है। सिक्खी का मूल है, मन को नम्रता में रखना। यदि यह कहा होता उस महिला ने कि गुरु साहिब जी की कृपा से हम पहुँच जाएँगे तो फिर गुरु साहिब ने व्यापक होना था। दास के साथ अनेक ही चांस ऐसे बीतते हैं जो आँखों से देखे हैं कि किसी के अंदर अहंकार आ जाए, वहाँ उसी समय कोई न कोई परीक्षा पड़ जाती है। कोशिश करो कि इससे बचा जाए। हमारे वचनों में नम्रता आए, गरीबी आए।

एक बार किसी स्थान पर श्री अखंड पाठ साहिब चल रहे थे। दास ने वहाँ के प्रबंधक को पूछा कि आज भोग जल्दी पड़ रहे हैं,

संगतों के लिए प्रशादा तैयार है। वह प्रबंधक बांह ऊपर उठा कर कहता है, "जी आप बेफिक्र रहो, लंगर की तैयारी करना मेरा काम है।" दास हैरान हो गया, गुरु घर का लांगरी जरुर है, पर सिक्खी का मूल अभी पता नहीं, यह क्या है?

जिस दिन सिक्खी के मूल का ज्ञान हो गया, उस दिन सिक्ख के फिर यह बोल होंगे, गुरु साहिब की कृपा से लंगर तैयार है। हर बात में गुरु साहिब की कृपा, गुरु की बख्शिश कहा जाए। कोई बुरा काम हो जाए तो यह कहा करो, मुझ से हुआ है तथा जिंदगी में कोई भला काम हो तो यह कहा करो गुरु साहिब ने मुझ गरीब से सेवा ली है। उस स्थान पर जब भोग के उपरांत संगत प्रशादा छकने बैठी तो बहुत संगत के पास प्रशादा नहीं पहुँचा। आधी संगत के पास दाल सब्जी नहीं पहुँची। दास ने उस वीर को बुला कर विनती की यह दम मारने के कारण सब कुछ हुआ। यदि आपने यह कहा होता गुरु साहिब की कृपा से लंगर तैयार हो जाएगा तो गुरु साहिब ने व्यापक होना था। आगे से गुरु साहिब की कृपा के साथ, गुरु साहिब की बख्शिश के साथ चलने का यत्न करो।

सिक्खी का मूल है मन को नम्रता में रखना। श्री गुरु हरिगोबिंद साहिब जी ने सिक्खी के मूल की पहली निशानी में दो वचन किए हैं पहला वचन- मन को नम्रता में रखना तथा दूसरा वचन- किसी की खुशी छीनकर खुशी न लेना। अगर किसी की खुशी छीन कर खुशी लोगे वह खुशी, खुशी नहीं रहेगी। कई पक्षों से यह चीजें जिन्दगी में आती हैं।

एक शहीद सिंघों के स्थान पर हम गए। गुरुद्वारा साहिब में निशान साहिब का चोला चढ़ाने की तारीख लेनी थी। जो तारीख चाहिए थी उस दिन गुरुपर्व था। किसी और की उस दिन बुकिंग थी। दास ने उस स्थान के प्रबंधक को विनती कि हमें यह दिन चाहिए था निशान साहिब चढ़ाने के लिए। वह कहने लगे, "यह दिन किसी ओर का बुक है।" यदि आप 3-4 बड़े अधिकारियों से हस्ताक्षर करवा लो तो यह बारी उनकी कट कर आपको मिल सकती है। पहले दास ने सोचा कि जिनके नाम ले रहा है, यह सभी मेरे अच्छी तरह जानकार हैं फोन कर देते हैं तथा हस्ताक्षर भी करवा लेते हैं तो ले लेते हैं बारी पर साथ ही छठे पातशाह जी का यह वचन याद आ गया कि तेरा चढ़ाया निशान साहिब का चोला भी गुरु घर में स्वीकार नहीं होगा यदि तू किसी की खुशी छीनकर खुशी लेगा। जिंदगी में कई पहलुओं पर यह चीजें आप जी के सामने आती हैं। दास ने खुद यह सीन देखा। कैनेडा में एक रागी जत्था जिसका बड़ा नाम था। एक बच्चों का जत्था बैठा कीर्तन करने, उनका 10 मिनट समय अनाऊंस हुआ। उस रागी जत्थे ने 2 मिनट बाद जिद करके उन बच्चों को उठा दिया, 10 मिनट भी नहीं उनसे कीर्तन सुन सके। उस समय यह वचन याद आ गया कि काश, इस रागी को यह वचन पता होता कि

*-शेष पन्ना 48 पर*

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

# चार साहिबज़ादों को समर्पित हो जाएँ सब विकार भाग जाएँगे

–जसविन्द्र सिंघ
(पटियाला)

## सिक्खों के सवाल, सतिगुरु जी के जवाब

*बापु हमारा सद चरंजीवी ॥*
*भाई हमारे सद ही जीवी ॥*
*मीत हमारे सदा अबिनासी ॥*
*कुटंबु हमारा निज घरि वासी ॥१॥*
*हम सुखु पाइआ ताँ सभहि सुहेले ॥*
*गुरि पूरै पिता संगि मेले ॥१॥ रहाउ॥*
*मंदर मेरे सभ ते ऊचे ॥*
*देस मेरे बेअंत अपूछे ॥*
*राजु हमारा सद ही निहचलु ॥*
*मालु हमारा अखूटु अबेचलु ॥२॥*
*सोभा मेरी सभ जुग अंतरि ॥*
*बाज हमारी थान थनंतरि ॥*
*कीरति हमरी घरि घरि होई ॥*
*भगति हमारी सभनी लोई ॥३॥*
*पिता हमारे प्रगटे माझ ॥*
*पिता पूत रलि कीनी साँझ ॥*
*कहु नानक जउ पिता पतीने ॥*
*पिता पूत एकै रंगि लीने ॥*

(अंग ११४१)

*धन्य धन्य माता गुजर कौर जी*
*धन्य धन्य साहिबज़ादा बाबा अजीत सिंघ जी*
*धन्य धन्य साहिबज़ादा बाबा जुझार सिंघ जी*
*धन्य धन्य साहिबज़ादा बाबा ज़ोरावर सिंघ जी*
*धन्य धन्य साहिबज़ादा बाबा फतेह सिंघ जी*

बाबा ज़ोरावर सिंघ जी, बाबा फतेह सिंघ जी कहाँ पहुँच गए:

*जो किछु करै सोई प्रभ मानहि*
*ओइ राम नाम रंगि राते ॥*

(अंग ७४८)

जो वह कह दें, प्रभु को मानना पड़ता है। दरगाह की चाबियां साहिबज़ादिओं के पास आ गईं।

*जो किछु करै सोई प्रभ मानहि*
*ओइ राम नाम रंगि राते ॥*
*तिन् की सोभा सभनी थाई*
*जिन् प्रभ के चरण पराते ॥*

(अंग ७४८)

*कहु नानक संतन बलिहारै*
*जो प्रभ के सद संगी ॥*

(अंग १३२२)

आप अनुभव करके देखो, भाई अपनी जगह, बहनें अपनी जगह। थोड़ा-सा यह अहसास बनाना, बाबा अजीत सिंघ जी मेरे भाई हैं। बाबा जुझार सिंघ जी मेरे भाई हैं। बाबा ज़ोरावर सिंघ जी मेरे भाई हैं। बाबा फतेह सिंघ जी मेरे भाई हैं। थोड़ा अहसास बनाना, दास गुरु साहिब की हजूरी में कहता है, आपके अंदर एक बल आ जाएगा, जिनके पास चाबियाँ हैं, जैसे उनके साथ मेरी दोस्ती हो गई है। दूसरा अहसास बनाना, यह मेरे भाई हैं, साध संगत जी आपके विकार रुक जाएंगे। दास गुरु साहिब जी की हजूरी में कह रहा है, आपका अमृत वेले जागना यदि कठिन है, सरल हो जाएगा, यदि साहिबज़ादों को भाई बना लोगे। स्वयं आकर उठाएंगे। विकार थम जाएँगे। वासना, विकार जो हमारे पुण्य बहाते हैं। कुछ दिन पहले ही वे दिन बीते हैं, उनकी शहीदियाँ याद करके मन नरम हो जाता है। जब नरम हो जाए, उसमें नाम टिक जाता है। नाम टिक जाए तो विकार खत्म हो जाते हैं। आओ आज उनको भाई बनाकर विनती करें:

*सो भाई मेरै मनि भावै ॥*

(अंग ३२८)

*जो जन लेहि खसम का नाउ ॥*
*तिन कै सद बलिहारै जाउ ॥१॥*
*सो निरमलु निरमल हरि गुन गावै ॥*
*सो भाई मेरै मनि भावै॥१॥ रहाउ॥*
*जिह घट रामु रहिआ भरपूरि ॥*
*तिन की पग पंकज हम धूरि॥२॥*
*जाति जुलाहा मति का धीरु ॥*
*सहजि सहजि गुण रमै कबीरु ॥*

(अंग ३२८)

*नाम का अजीत हूँ जीता नहीं जाऊँगा।*
*अगर जीता भी गया तो जीवित नहीं आऊँगा ॥*
*धन्य धन्य बाबा अजीत सिंघ जी*

यह बाबा जुझार सिंघ जी ने जाते समय कहे:

*लड़ना नहीं आता मुझे मरना तो आता है।*
*गला तेग पर रखकर कटाना तो आता है॥*
*धन्य धन्य बाबा जुझार सिंघ जी*

धन्य धन्य बाबा ज़ोरावर सिंघ जी, धन्य धन्य बाबा फतेह सिंघ जी। यह दिवस बीते हैं, पोष की रातें, पोष के दिवस। किला छोड़ना, परिवार बिछुड़ना। छोटे साहिबज़ादों की शहीदी। बड़े साहिबज़ादों की शहीदी। अरदास कीजिए, दोनों चीजें इकट्ठी हो जाएं। उन दिवसों की प्रेरणा भी। साहिबज़ादों के जो शहीदी दिवस हैं लगभग एक पोष से कार्य शुरु हो जाता है। भाई पिन्दरपाल सिंघ जी ने भी यह वचन सुनाया है कि पुराने बुजुर्ग इन दिनों में पलंग पर भी नहीं सोते थे। उनके अंदर एक वैराग्य, एक प्यार साहिबज़ादों के प्रति कि आप 140 फुट ऊंचे ठण्डे बुर्ज में बैठे हो जहां कंबल भी कोई नहीं। गर्म कपड़ा भी कोई नहीं। उनकी अपनी एक प्यार भरी श्रद्धा। अब काफी कृपा हो रही है। यह वैराग्य भरे, प्यार भरे दिनों में शादी-विवाह के कार्य मुहूर्त के कार्यों को बहुत सारे सिक्ख विश्राम देने लग गए हैं। यह दिवस जो उन साहिबज़ादों के शुद्ध रक्त के प्रति श्रद्धा वाले हों, हो अंदर प्यार।

रात को हम मोरिण्डा शहर थे, गुरुद्वारा कोतवाली साहिब। फतेह चैनल से भी लाइव आ रहा था। ज्ञानी हरपाल सिंघ जी ने एक तो पहली बार सबका सहयोग लेकर सफर-ए-शहादत श्रृंखला बनाई है। जहाँ से परिवार बिछुड़ा है और पहली रात जहाँ माता जी और छोटे साहिबज़ादे रहे हैं। कुम्मा माशकी, नाव चलाने वाले के स्थान पर रात को दीवान था। दूसरी रात सहेड़ी गंगू ब्राह्मण के घर जहाँ रुके थे। तीसरी रात, कोतवाली जहाँ साहिबज़ादों को, माता जी को हथकड़ियां लग गईं। रात को हम वहाँ होकर आए हैं। वह द्वार वैसे ही है, जहाँ कैद थे। वह द्वार वैसे ही आज भी मौजूद है। वही ईंटें लगी हुई हैं, जहाँ माता जी तथा छोटे साहिबज़ादों को रखा गया। अगले दिन श्री फतेहगढ़ साहिब, जहाँ ठण्डे बुर्ज में कैद किया। इस बार चार दिनों की लड़ी बनाई है। वहाँ किसी को सिरोपा नहीं, दिखावा नहीं, कुछ नहीं क्योंकि यह दिन प्यार से भीगे वैराग्य के हैं। पहले तो सब को विनती है, चार साहिबज़ादे इतनी बड़ी हस्ती हैं कि बाबा नंद सिंघ जी का वचन है, कहते थे, दरगाही रूहें हैं, दरगाह से डयूटी लेकर आए हैं। दूसरी विनती है कि चार साहिबज़ादों के साथ बाबा लफज इस्तेमाल किया जाता है। बाबा अजीत सिंघ जी, बाबा जुझार सिंघ जी, बाबा ज़ोरावर सिंघ जी, बाबा फतेह सिंघ जी। आप सबने ऐसी भावना बनानी है, हम बच्चे हैं, आप हमारे बाबे हो। अंदरुनी कमाई द्वारा बाबे हो। अंदरुनी सच्चाई द्वारा आप हमारे बाबा हो और तीसरी विनती है जिन शब्दों में भाई लफज आए-

*भाई हमारे सद ही जीवी॥*

(अंग ११४१)

तब यह भावना बनानी है, आप हमारे बड़े भाई हो। उम्र चाहे छोटी है, पर अपने आपको हम छोटा मानकर कि आप हमारे बड़े भाई हो। यह सभी वीर, सभी बहनें, इस अहसास को प्रत्यक्ष ढालकर देखना, आपका दिल ही नहीं करेगा, किसी का दिल तोड़ने को। मैं साहिबज़ादा बाबा अजीत सिंघ जी, साहिबज़ादा बाबा जुझार सिंघ जी की बहनें हो तथा यह

*मुखि निंदक कै छाई॥*

(अंग ६२९)

मेरे सामने यह पंक्ति आए :

*फरीदा बुरे दा भला करि गुसा मनिन हढाइ॥*

(अंग १३८१)

यह अहसास करके देखना, साहिबज़ादे हमारे बड़े भाई हैं, हमारे बाबे हैं। संगत जी, दास गुरु साहिब की हजूरी में कहता है, आपको ऐसा लगेगा, जैसे चार बजे, आपको बाबा फतेह सिंघ जी उठाने आ गए हैं, उठो, यदि तू मेरा भाई है, उठ। अमृत वेले के बिना भाई भाई की फिर यारी नहीं निभती। ऐसा प्यार हो। यह आपके और मेरे लिए मान वाली बात है। किसी दरगाह से जुड़ी रूह जिसके पास दरगाह की चाबियाँ हैं, वे हमारे बड़े भाई बन जाएँ तथा भाग्यशाली हम हैं कि जिनके पास दरगाह की चाबियाँ हैं, वे हमारे भाई बन गए। हम बड़ौदा गए थे, दस पंद्रह दिन पहले। वहाँ

